Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 5 : # ਅੰਕ 24 22/07/2026 www.samajweekly.com samajweekly @samajweekly samajweekly

# ਧਰਨੇ 'ਤੇ ਬੈਠੇ ਰਾਹੁਲ ਗਾਂਧੀ ਨੂੰ ਪੁਲਿਸ ਨੇ ਜਬਰੀ ਚੁੱਕਿਆ, ਕਈ ਨੇਤਾਵਾਂ ਨੂੰ ਹਿਰਾਸਤ ਵਿੱਚ ਲਿਆ

## ਕਾਂਗਰਸੀਆਂ ਅਤੇ ਪੁਲਿਸ ਵਿਚਕਾਰ ਹੋਈ ਧੱਕਾ-ਮੁੱਕੀ

**ਨਵੀਂ ਦਿੱਲੀ:** ਪੀਐੱਮ ਰਿਹਾਇਸ਼ ਦੇ ਨੇੜੇ ਮੰਗਲਵਾਰ ਦੁਪਹਿਰ ਸਾਢੇ ਤਿੰਨ ਵਜੇ ਧਰਨੇ 'ਤੇ ਬੈਠੇ ਕਾਂਗਰਸੀਆਂ ਨੂੰ ਪੁਲਿਸ ਸ਼ਾਮ ਸਾਢੇ 6 ਵਜੇ ਚੁੱਕ ਕੇ ਲੈ ਗਈ। ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ, ਮੱਲਿਕਾਰਜੁਨ ਖੜਗੇ, ਅਖਿਲੇਸ਼ ਯਾਦਵ ਸਮੇਤ ਕਈ ਨੇਤਾਵਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਸਰਕਾਰ ਨੇ 3 ਘੰਟੇ ਦੇ ਧਰਨੇ ਵਿੱਚ ਰਾਹੁਲ ਨਾਲ 2 ਵਾਰ ਗੱਲਬਾਤ ਕੀਤੀ, ਪਰ ਉਹ ਨਹੀਂ ਮੰਨੇ। ਇਸ ਤੋਂ ਬਾਅਦ 100 ਤੋਂ ਵੱਧ ਪੁਲਿਸ ਕਰਮਚਾਰੀ ਪਹੁੰਚੇ ਤਾਂ ਕਾਂਗਰਸੀਆਂ ਨੇ ਘੇਰਾ ਬਣਾ ਲਿਆ ਅਤੇ ਰਾਹੁਲ ਤੱਕ ਪਹੁੰਚਣ ਨਹੀਂ ਦਿੱਤਾ। ਕਾਂਗਰਸੀਆਂ ਅਤੇ ਪੁਲਿਸ ਵਿਚਕਾਰ ਅੱਧੇ ਘੰਟੇ ਤੱਕ ਧੱਕਾ-ਮੁੱਕੀ ਹੁੰਦੀ ਰਹੀ। ਪੁਲਿਸ ਨੇ ਲਾਠੀਚਾਰਜ ਕੀਤਾ। ਆਖ਼ਰਕਾਰ 12 ਤੋਂ ਵੱਧ ਪੁਲਿਸ ਕਰਮਚਾਰੀ ਉਨ੍ਹਾਂ ਨੂੰ ਚੁੱਕ ਕੇ ਲੈ ਗਏ ਅਤੇ ਬੱਸ ਵਿੱਚ



ਬਿਠਾਇਆ। ਪੀਐੱਮ ਰਿਹਾਇਸ਼ ਦੇ ਨੇੜਿਓਂ ਹਟਾਉਣ ਲਈ ਕੇਂਦਰੀ ਮੰਤਰੀ ਜਿਤੇਂਦਰ ਸਿੰਘ ਅਤੇ ਗ੍ਰਹਿ ਸਕੱਤਰ ਗੋਵਿੰਦ ਮੋਹਨ ਪਹੁੰਚੇ ਸਨ। ਉਨ੍ਹਾਂ ਨੇ ਰਾਹੁਲ ਗਾਂਧੀ ਨਾਲ ਕਰੀਬ 20 ਮਿੰਟ ਗੱਲਬਾਤ ਕੀਤੀ। ਇਸ ਤੋਂ ਬਾਅਦ ਜਿਤੇਂਦਰ ਸਿੰਘ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲ ਗਏ। ਸ਼ਾਹ ਨਾਲ ਗੱਲਬਾਤ ਕਰਨ ਤੋਂ ਬਾਅਦ ਉਨ੍ਹਾਂ ਨੇ ਫਿਰ ਰਾਹੁਲ ਨਾਲ ਗੱਲ ਕੀਤੀ। ਸੋਸ਼ਲ ਮੀਡੀਆ ਪੋਸਟ ਵਿੱਚ ਜਿਤੇਂਦਰ ਸਿੰਘ ਨੇ ਦੱਸਿਆ ਕਿ ਰਾਹੁਲ ਗਾਂਧੀ ਦੀ ਮੰਗ ਸੀ ਕਿ NEET 'ਤੇ ਸੰਸਦ ਵਿੱਚ ਚਰਚਾ ਹੋਵੇ। ਰਾਹੁਲ ਦੀ ਇਹ ਮੰਗ ਮੰਨ ਲਈ ਗਈ ਸੀ। ਪਰ ਰਾਹੁਲ ਆਪਣੀ ਗੱਲ ਤੋਂ ਮੁੱਕਰ ਗਏ। ਉਹ ਬੋਲੇ- ਹੁਣ ਸਾਡੀਆਂ ਦੋ ਮੰਗਾਂ ਹਨ। ਪਹਿਲੀ- NEET 'ਤੇ ਸੰਸਦ ਵਿੱਚ ਚਰਚਾ, ਦੂਜੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ।

# ਜੇਕਰ ਗੱਲਬਾਤ ਕਰਨੀ ਹੈ, ਤਾਂ ਸਰਕਾਰ ਨੂੰ ਜੰਤਰ-ਮੰਤਰ 'ਤੇ ਖੁਦ ਆਉਣਾ ਪਵੇਗਾ..., ਕਾਕਰੋਚ ਪਾਰਟੀ ਦੇ ਮੁਖੀ ਨੇ ਅਲਟੀਮੇਟਮ ਜਾਰੀ ਕੀਤਾ

**ਨਵੀਂ ਦਿੱਲੀ ।** ਦਿੱਲੀ ਦੇ ਜੰਤਰ-ਮੰਤਰ 'ਤੇ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦਾ ਵਿਰੋਧ ਮੰਗਲਵਾਰ ਨੂੰ ਵੀ ਜਾਰੀ ਰਿਹਾ। ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਅਭਿਜੀਤ ਦੀਪਕੇ ਨੇ ਸਰਕਾਰ 'ਤੇ ਗੱਲਬਾਤ ਦੇ ਨਾਮ 'ਤੇ ਸਮਾਂ ਬਰਬਾਦ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਵਫ਼ਦ ਨੂੰ ਗੱਲਬਾਤ ਲਈ ਸੱਦਾ ਦਿੱਤਾ ਗਿਆ ਸੀ, ਪਰ ਉਨ੍ਹਾਂ ਦੇ ਮੋਬਾਈਲ ਫੋਨ ਜ਼ਬਤ ਕਰ ਲਏ ਗਏ ਸਨ ਅਤੇ ਉਨ੍ਹਾਂ ਨੂੰ ਲਗਭਗ ਘਰ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਪ੍ਰਦਰਸ਼ਨਕਾਰੀ ਹੁਣ ਗੱਲਬਾਤ ਲਈ ਸਰਕਾਰ ਕੋਲ ਨਹੀਂ ਜਾਣਗੇ; ਸਗੋਂ ਸਰਕਾਰ ਨੂੰ ਗੱਲਬਾਤ ਲਈ ਜੰਤਰ-ਮੰਤਰ 'ਤੇ ਹੀ ਆਉਣਾ ਪਵੇਗਾ।

**ਨਜ਼ਰਬੰਦ ਪ੍ਰਦਰਸ਼ਨਕਾਰੀਆਂ ਦੀ ਰਿਹਾਈ ਦੀ ਮੰਗ**

ਸੀਜੇਪੀ ਨੇ ਦੋਸ਼ ਲਗਾਇਆ ਕਿ 'ਸੰਸਦ ਚਲੋ' ਮਾਰਚ ਦੌਰਾਨ ਹਿਰਾਸਤ ਵਿੱਚ ਲਏ ਗਏ ਬਹੁਤ ਸਾਰੇ ਪ੍ਰਦਰਸ਼ਨਕਾਰੀਆਂ ਨੂੰ ਅਜੇ ਤੱਕ ਰਿਹਾਅ ਨਹੀਂ ਕੀਤਾ ਗਿਆ ਹੈ। ਪਾਰਟੀ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਵਕੀਲਾਂ ਨੂੰ ਹਿਰਾਸਤ ਵਿੱਚ ਲਏ ਗਏ ਵਿਅਕਤੀਆਂ ਨੂੰ ਮਿਲਣ ਦੀ ਵੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਹੈ। ਸੰਗਠਨ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਾਰੇ ਪ੍ਰਦਰਸ਼ਨਕਾਰੀਆਂ ਨੂੰ ਨਿਰਧਾਰਤ ਸਮੇਂ ਤੱਕ ਰਿਹਾਅ ਨਹੀਂ ਕੀਤਾ ਜਾਂਦਾ ਅਤੇ ਵਕੀਲਾਂ ਨੂੰ ਉਨ੍ਹਾਂ ਨਾਲ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ, ਤਾਂ ਉਹ ਦਿੱਲੀ ਪੁਲਿਸ ਹੈੱਡਕੁਆਰਟਰ ਵੱਲ ਸ਼ਾਂਤੀਪੂਰਨ ਮਾਰਚ ਕਰਨਗੇ।

**ਪ੍ਰਦਰਸ਼ਨਕਾਰੀ ਜੰਤਰ-ਮੰਤਰ ਵਿਖੇ ਦੁਬਾਰਾ ਇਕੱਠੇ ਹੋਏ**

ਸੋਮਵਾਰ ਦੇ ਵਿਰੋਧ ਮਾਰਚ ਤੋਂ ਬਾਅਦ, ਮੰਗਲਵਾਰ ਨੂੰ ਵੱਡੀ



ਗਿਣਤੀ ਵਿੱਚ ਪ੍ਰਦਰਸ਼ਨਕਾਰੀ ਇੱਕ ਵਾਰ ਫਿਰ ਜੰਤਰ-ਮੰਤਰ ਵਿਖੇ ਇਕੱਠੇ ਹੋਏ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਹੋਣ ਤੱਕ ਧਰਨਾ ਜਾਰੀ ਰਹੇਗਾ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਪੂਰੀ ਹੋਣ ਤੱਕ ਵਿਰੋਧ ਪ੍ਰਦਰਸ਼ਨ ਬੰਦ ਨਹੀਂ ਕੀਤਾ ਜਾਵੇਗਾ।

**ਵਕੀਲਾਂ ਨੇ ਗੰਭੀਰ ਦੋਸ਼ ਲਗਾਏ**

ਪ੍ਰਦਰਸ਼ਨਕਾਰੀਆਂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਦਾ ਦੋਸ਼ ਹੈ ਕਿ ਉਨ੍ਹਾਂ ਨੂੰ ਹਿਰਾਸਤ ਵਿੱਚ ਲਏ ਗਏ ਵਿਅਕਤੀਆਂ ਨੂੰ ਮਿਲਣ ਜਾਂ ਪੁਲਿਸ ਅਧਿਕਾਰੀਆਂ ਨਾਲ ਗੱਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਇਹ ਪਤਾ ਲਗਾਉਣਾ ਮੁਸ਼ਕਲ ਹੋ ਜਾਂਦਾ ਹੈ ਕਿ ਪ੍ਰਦਰਸ਼ਨਕਾਰੀਆਂ ਵਿਰੁੱਧ ਐਫਆਈਆਰ ਦਰਜ ਕੀਤੀ ਗਈ ਹੈ, ਕੀ ਰਸਮੀ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ, ਜਾਂ ਕਾਨੂੰਨ ਦੀਆਂ ਕਿਹੜੀਆਂ ਧਾਰਾਵਾਂ ਤਹਿਤ। ਵਕੀਲਾਂ ਨੇ ਕਿਹਾ ਕਿ ਉਹ ਹਿਰਾਸਤ ਵਿੱਚ ਲਏ ਗਏ ਲੋਕਾਂ ਦੇ ਪਰਿਵਾਰਾਂ ਨਾਲ ਸੰਪਰਕ ਕਰਨ ਅਤੇ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

**ਪੁਲਿਸ ਨੇ ਕਈ ਐਫਆਈਆਰ ਦਰਜ ਕੀਤੀਆਂ**

ਦਿੱਲੀ ਪੁਲਿਸ ਦੇ ਅਨੁਸਾਰ, 'ਸੰਸਦ ਚਲੋ' ਮਾਰਚ ਦੌਰਾਨ ਕਥਿਤ ਹਿੰਸਾ, ਭੰਨਤੋੜ ਅਤੇ ਕਾਨੂੰਨ ਵਿਵਸਥਾ ਦੇ ਮੁੱਦਿਆਂ ਦੇ ਸਬੰਧ ਵਿੱਚ ਚਾਰ ਐਫਆਈਆਰ ਦਰਜ ਕੀਤੀਆਂ ਗਈਆਂ ਹਨ, ਜਦੋਂ ਕਿ ਦੋ ਹੋਰ ਮਾਮਲਿਆਂ ਵਿੱਚ ਐਫਆਈਆਰ ਦਰਜ ਕਰਨ ਦੀ ਪ੍ਰਕਿਰਿਆ ਜਾਰੀ ਹੈ। ਪੁਲਿਸ ਦਾ ਕਹਿਣਾ ਹੈ ਕਿ ਪੂਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਕਾਨੂੰਨ ਅਨੁਸਾਰ ਅੱਗੇ ਦੀ ਕਾਰਵਾਈ ਕੀਤੀ ਜਾਵੇਗੀ।

**ਸੋਨਮ ਵਾਂਗਚੁਕ ਨੂੰ ਮੇਦਾਂਤਾ ਹਸਪਤਾਲ ਵਿੱਚ ਤਬਦੀਲ ਕਰ ਦਿੱਤਾ ਗਿਆ**

ਇਸ ਦੌਰਾਨ, ਦਿੱਲੀ ਹਾਈ ਕੋਰਟ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ, ਸਮਾਜਿਕ ਕਾਰਕੁਨ ਸੋਨਮ ਵਾਂਗਚੁਕ ਨੂੰ ਦਿੱਲੀ ਦੇ ਸਫਦਰਜੰਗ ਹਸਪਤਾਲ ਤੋਂ ਗੁਰੂਗ੍ਰਾਮ ਦੇ ਮੇਦਾਂਤਾ ਹਸਪਤਾਲ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਡਾਕਟਰ ਉਸਦੀ ਸਿਹਤ ਦੀ ਨਿਗਰਾਨੀ ਜਾਰੀ ਰੱਖ ਰਹੇ ਹਨ।

# ਕੈਬਨਿਟ ਮੀਟਿੰਗ ਦੌਰਾਨ 3 ਤੋਂ 10 ਅਗਸਤ ਤੱਕ ਪੰਜਾਬ ਵਿਧਾਨਸਭਾ ਦਾ ਮਾਨਸੂਨ ਸੈਸ਼ਨ ਸੱਦਣ ਨੂੰ ਪ੍ਰਵਾਨਗੀ

**ਚੰਡੀਗੜ੍ਹ।** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ ਪੰਜਾਬ ਕੈਬਨਿਟ ਦੀ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਸੂਬੇ ਦੇ ਵਿਕਾਸ ਅਤੇ ਜਨਤਾ ਦੇ ਭਲੇ ਨਾਲ ਜੁੜੇ ਕਈ ਅਹਿਮ ਮੁੱਦਿਆਂ ਤੇ ਗੰਭੀਰ ਚਰਚਾ ਕੀਤੀ ਗਈ। ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ ਪੰਜਾਬ ਵਿਧਾਨ ਸਭਾ ਦਾ ਆਗਾਮੀ ਮਾਨਸੂਨ ਇਜਲਾਸ 3 ਅਗਸਤ ਤੋਂ ਸ਼ੁਰੂ ਹੋ ਕੇ 10 ਅਗਸਤ ਤੱਕ ਚੱਲੇਗਾ। ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਇਸ ਸੈਸ਼ਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਾਰੀਆਂ ਤਿਆਰੀਆਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਫਿਲਹਾਲ ਸੈਸ਼ਨ 3 ਅਗਸਤ ਤੋਂ 10 ਅਗਸਤ ਤੱਕ ਨਿਰਧਾਰਤ ਕੀਤਾ ਗਿਆ ਹੈ, ਪਰ ਜੇਕਰ ਵਿਧਾਨ ਸਭਾ ਵਿੱਚ ਕੰਮਕਾਜ ਜਾਂ ਚਰਚਾ ਲਈ ਹੋਰ ਸਮੇਂ ਦੀ ਲੋੜ ਮਹਿਸੂਸ ਹੋਈ ਤਾਂ 'ਬਿਜ਼ਨਸ ਐਡਵਾਈਜ਼ਰੀ ਕਮੇਟੀ' ਦੀ ਮੀਟਿੰਗ ਵਿੱਚ ਇਸ ਦਾ ਸਮਾਂ ਵਧਾਉਣ ਜਾਂ ਘਟਾਉਣ ਸਬੰਧੀ ਫ਼ੈਸਲਾ ਲਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵਿਰੋਧੀ ਧਿਰਾਂ ਦੇ ਹਰ ਸਵਾਲ ਦਾ ਜਵਾਬ ਦੇਣ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਸਦਨ ਵਿੱਚ ਪੰਜਾਬ ਦੇ ਅਹਿਮ ਮੁੱਦਿਆਂ ਤੇ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ। ਇਸ ਦੌਰਾਨ ਸਰਕਾਰ ਦੀਆਂ ਪਿਛਲੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਦੁਹਰਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ ਅਤੇ ਮਾਨਸੂਨ ਸੈਸ਼ਨ ਦੌਰਾਨ ਵੀ ਜਨਹਿਤ ਨਾਲ ਜੁੜੇ ਕਈ ਹੋਰ ਵੱਡੇ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦੇ 881 ਬੱਚਿਆਂ ਨੇ ਰਾਸ਼ਟਰੀ ਪੱਧਰ ਦੀ ਨੀਟ ਪ੍ਰੀਖਿਆ ਪਾਸ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹਨਾਂ ਦਾ ਟੀਚਾ ਪੰਜਾਬ ਨੂੰ ਸਿੱਖਿਆ ਦੇ ਖੇਤਰ ਵਿੱਚ ਦੇਸ਼ ਦਾ ਨੰਬਰ ਇੱਕ ਸੂਬਾ ਬਣਾਉਣਾ ਹੈ। ਪ੍ਰਾਈਵੇਟ ਸਕੂਲਾਂ ਦੀਆਂ ਮਨਮਾਨੀਆਂ ਤੇ ਬੋਲਦਿਆਂ ਮੁੱਖ ਮੰਤਰੀ ਨੇ ਡੂੰਘੀ ਚਿੰਤਾ ਪ੍ਰਗਟਾਈ। ਹਾਲ ਹੀ ਵਿੱਚ ਫੀਸਾਂ ਦੇ ਬੋਝ ਅਤੇ ਹਰਾਸਮੈਂਟ ਕਾਰਨ 90 ਫੀਸਦੀ ਨੰਬਰ ਲੈਣ ਵਾਲੀ ਇੱਕ ਹੋਣਹਾਰ ਬੱਚੀ ਵਲੋਂ ਕੀਤੀ ਗਈ ਖੁਦਕੁਸ਼ੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਇਸ ਤਰ੍ਹਾਂ



ਮਜਬੂਰ ਕਰਨਾ ਬੇਹੱਦ ਦੁਖਦਾਈ ਹੈ। ਪੰਜਾਬ ਦੇ ਹੋਰ ਅਹਿਮ ਮੁੱਦਿਆਂ ਤੇ ਚਰਚਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਆਏ ਸੁਝਾਵਾਂ ਦੇ ਸਬੰਧ ਵਿੱਚ ਐਡਵੋਕੇਟ ਜਨਰਲ ਅਤੇ ਕਾਨੂੰਨੀ ਟੀਮ ਨਾਲ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ ਤਾਂ ਜੋ ਕਾਨੂੰਨ ਅਤੇ ਵਿਵਸਥਾ ਦੀ ਭਾਸ਼ਾ ਅਨੁਸਾਰ ਬਣਦੀ ਕਾਰਵਾਈ ਕੀਤੀ ਜਾ ਸਕੇ। ਕਿਸਾਨਾਂ ਅਤੇ ਪੰਜਾਬ ਦੇ ਹੱਕਾਂ ਦੇ ਸਮਰਥਨ ਲਈ ਪਾਰਟੀ ਵਲੋਂ ਦਿੱਲੀ ਦੇ ਜੰਤਰ-ਮੰਤਰ ਵਿਖੇ ਵੀ ਡਟ ਕੇ ਆਵਾਜ਼ ਚੁੱਕੀ ਜਾਵੇਗੀ।

ਉਹਨਾਂ ਕਿਹਾ ਕਿ ਸੂਬੇ ਵਿੱਚ 10 ਲੱਖ ਨਵੇਂ ਰਾਸ਼ਨ ਕਾਰਡ ਬਣਾਉਣ ਦੀ ਪ੍ਰਕਿਰਿਆ ਕੱਲ੍ਹ ਤੋਂ ਹੀ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਲਈ 21 ਦਿਨਾਂ ਦਾ ਸਮਾਂ ਨਿਯੋਜਿਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਪਰਿਵਾਰਾਂ ਵਿੱਚ ਵਿਆਹ ਤੋਂ ਬਾਅਦ ਨਵੇਂ ਮੈਂਬਰ ਆਏ ਹਨ, ਉਹ ਵੀ ਆਪਣੇ ਨਾਂ ਇਸ ਵਿੱਚ ਦਰਜ ਕਰਵਾ ਸਕਦੇ ਹਨ। ਮੁੱਖ ਮੰਤਰੀ ਨੇ ਦੱਸਿਆ ਕਿ 'ਮੇਰੀ ਰਸੋਈ ਯੋਜਨਾ' ਦੇ ਤਹਿਤ ਲੋੜਵੰਦ ਪਰਿਵਾਰਾਂ ਨੂੰ 5 ਕਿੱਲੋ ਕਣਕ ਤੋਂ ਇਲਾਵਾ ਸਰ੍ਹੋਂ ਦਾ ਤੇਲ, ਹਲਦੀ ਅਤੇ ਲੂਣ ਆਦਿ ਵਰਗੀਆਂ ਰਸੋਈ ਦੀਆਂ ਜ਼ਰੂਰੀ ਵਸਤੂਆਂ ਦਿੱਤੀਆਂ ਜਾ ਰਹੀਆਂ ਹਨ। ਕੁੱਲ 40 ਲੱਖ ਪਰਿਵਾਰਾਂ ਵਿੱਚੋਂ ਹੁਣ ਤੱਕ 32 ਲੱਖ ਪਰਿਵਾਰਾਂ ਨੂੰ ਇਸ ਯੋਜਨਾ ਦੇ ਘੇਰੇ ਵਿੱਚ ਲਿਆਂਦਾ ਜਾ ਚੁੱਕਾ ਹੈ ਅਤੇ ਬਾਕੀ ਰਹਿੰਦੇ 8 ਲੱਖ ਪਰਿਵਾਰਾਂ ਨੂੰ ਇਸੇ ਮਹੀਨੇ ਕਵਰ ਕਰ ਲਿਆ ਜਾਵੇਗਾ।

# ਫਿਰੋਜ਼ਪੁਰ-ਜੰਮੂ ਰੇਲਗੱਡੀ ਨੂੰ ਉਡਾਉਣ ਦੀ ਸਾਜ਼ਿਸ਼ ਨਾਕਾਮ,ਆਈ.ਈ.ਡੀ. ਅਤੇ ਪਿਸਤੌਲ ਸਣੇ 17 ਗ੍ਰਿਫ਼ਤਾਰ

**ਮੋਗਾ :** ਮੋਗਾ ਪੁਲਸ ਨੇ ਇਕ ਅੱਤਵਾਦੀ ਸਾਜ਼ਿਸ਼ ਦਾ ਪਰਦਾਫਾਸ਼ ਕਰਕੇ 17 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਮੁਲਜ਼ਮਾਂ ਕੋਲੋਂ ਇਕ ਇੰਪਰੂਵਾਈਜ਼ਡ ਐਕਸਪਲੋਸਿਵ ਡਿਵਾਈਸ (ਿਓਧ), ਧਮਾਕਾਖੇਜ਼ ਸਮੱਗਰੀ, ਇਕ ਇਲੈਕਟ੍ਰਾਨਿਕ ਡੈਟੋਨੇਟਰ, ਇਕ 9mm ਗਲੌਕ ਪਿਸਤੌਲ ਸਮੇਤ ਇਕ ਮੈਗਜ਼ੀਨ ਬਰਾਮਦ ਕੀਤਾ ਗਿਆ ਹੈ।ਜਾਣਕਾਰੀ ਦਿੰਦਿਆਂ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਕਬਾਲ ਸਿੰਘ ਉਰਫ਼ ਰਵੀ ਧਾਲੀਵਾਲ ਇਸ ਸਾਜ਼ਿਸ਼ ਦਾ ਮਾਸਟਰਮਾਈਂਡ ਸੀ, ਜੋ ਕਿ ਹੁਣ੍ਖ ਵਿਚ ਰਹਿੰਦਾ ਹੈ ਅਤੇ ਕਥਿਤ ਤੌਰ 'ਤੇ ਅਪਰਾਧਿਕ ਗਤੀਵਿਧੀਆਂ ਵਿਚ ਸ਼ਾਮਲ ਹੈ। ਉਸ ਦੇ ਨਿਰਦੇਸ਼ਾਂ 'ਤੇ



ਦੋਸ਼ੀਆਂ ਨੇ ਪੁਲਸ ਸਟੇਸ਼ਨ ਸਦਰ ਮੋਗਾ 'ਤੇ ਗ੍ਰਨੇਡ ਹਮਲਾ ਕੀਤਾ ਅਤੇ ਫਿਰੋਜ਼ਪੁਰ ਤੋਂ ਜੰਮੂ ਜਾਣ ਵਾਲੀ ਰੇਲਗੱਡੀ ਵਿਚ IED ਲਗਾਉਣ ਦੀ ਯੋਜਨਾ ਬਣਾਈ ਸੀ। ਬੀ.ਐੱਨ.ਐੱਸ, ਵਿਸਫੋਟਕ ਪਦਾਰਥ ਐਕਟ, ਯੂ.ਏ.ਪੀ.ਏ, ਵਿਸਫੋਟਕ ਐਕਟ ਅਤੇ ਜਨਤਕ ਜਾਇਦਾਦ ਨੂੰ ਨੁਕਸਾਨ ਰੋਕਥਾਮ ਐਕਟ ਦੀਆਂ ਸਬੰਧਿਤ ਧਾਰਾਵਾਂ ਤਹਿਤ ਥਾਣਾ ਸਦਰ ਮੋਗਾ ਵਿਖੇ ਐੱਫ.ਆਈ.ਆਰ ਦਰਜ ਕੀਤੀ ਗਈ ਹੈ। ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਅਤੇ ਇਸ ਵਿਚ ਸ਼ਾਮਲ ਸਾਰੇ ਸਾਥੀਆਂ ਦੀ ਪਛਾਣ ਕਰਨ ਲਈ ਹੋਰ ਜਾਂਚ ਜਾਰੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਪੁਲਸ ਅੱਤਵਾਦੀ ਨੈੱਟਵਰਕਾਂ ਨੂੰ ਖਤਮ ਕਰਨ, ਰਾਸ਼ਟਰ ਵਿਰੋਧੀ ਗਤੀਵਿਧੀਆਂ ਨੂੰ ਰੋਕਣ ਅਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।

# ਕਿਸਾਨਾਂ ਅਤੇ ਪੁਲੀਸ ਵਿਚਾਲੇ ਸਹਿਮਤੀ ਬਣਨ ਮਗਰੋਂ ਗੁਰਨਾਮ ਸਿੰਘ ਚੜੂਨੀ ਰਿਹਾਅ

**ਚੰਡੀਗੜ੍ਹ।** ਪੰਜਾਬ-ਹਰਿਆਣਾ ਬਾਰਡਰ ਤੇ ਜਾਰੀ ਕਿਸਾਨ ਅੰਦੋਲਨ ਵਿਚਾਲੇ ਹਰਿਆਣਾ ਪੁਲੀਸ ਨੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਉੱਥੇ ਹੀ, ਸਰਹੱਦ ਤੇ ਤਾਇਨਾਤ ਕਿਸਾਨ ਸ਼ੰਭੂ ਬਾਰਡਰ ਤੋਂ ਵਾਪਸ ਪਰਤਣ ਲੱਗੇ ਹਨ। ਇਸ ਸੰਬੰਧੀ ਕਿਸਾਨਾਂ ਦੇ ਹਰਿਆਣਾ ਪੁਲੀਸ ਦੇ ਨਾਲ ਗੱਲਬਾਤ ਤੋਂ ਬਾਅਦ ਕਿਸਾਨ ਆਗੂ ਸਰਵਣ ਸਿੰਘ ਵੱਲੋਂ ਜਾਣਕਾਰੀ ਦਿੱਤੀ ਗਈ ਸੀ ਕਿ ਹਰਿਆਣਾ ਪੁਲੀਸ ਦੇ ਵੱਲੋਂ ਇਕ ਮੰਗ ਦੇ ਉੱਪਰ ਸਹਿਮਤੀ ਬਣ ਚੁੱਕੀ ਹੈ ਜਿਸ ਦੇ ਵਿਚ ਗ੍ਰਿਫਤਾਰ ਕੀਤੇ ਗਏ ਕਿਸਾਨਾਂ ਨੂੰ ਰਿਹਾਅ ਕੀਤਾ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਹਰਿਆਣਾ ਪੁਲੀਸ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨ ਲਈ ਕਿਸਾਨ ਆਗੂ ਸਰਵਨ ਸਿੰਘ ਪੰਧੇਰ, ਤੇਜਵੀਰ ਸਿੰਘ ਪੰਜੋਖਰਾ ਅਤੇ ਦਿਲਬਾਗ ਸਿੰਘ ਗਿੱਲ ਸਮੇਤ ਪ੍ਰਮੁੱਖ ਕਿਸਾਨ ਨੇਤਾਵਾਂ ਦਾ ਇੱਕ ਵਿਸ਼ੇਸ਼ ਵਫ਼ਦ ਮੌਕੇ ਤੇ ਪਹੁੰਚਿਆ ਸੀ ਜਿਹਨਾਂ ਨੇ ਕਿਸਾਨ ਆਗੂਆਂ ਨੇ ਬਾਰਡਰ ਤੇ ਤੈਨਾਤ ਹਰਿਆਣਾ ਪੁਲੀਸ ਦੇ ਉੱਚ



ਅਧਿਕਾਰੀਆਂ ਨਾਲ ਦਿੱਲੀ ਜਾਣ ਅਤੇ ਬਾਰਡਰ ਖੋਲ੍ਹਣ ਸਬੰਧੀ ਚਰਚਾ ਕੀਤੀ। ਇਸ ਤੋਂ ਪਹਿਲਾ ਹਰਿਆਣਾ ਸ਼ੰਭੂ ਬਾਰਡਰ ਤੇ ਹਰਿਆਣਾ ਪੁਲੀਸ ਦੇ ਵੱਲੋਂ ਧਾਰਾ 163 ਲਾਗੂ ਕਰਦਿਆਂ ਕਿਸਾਨਾਂ ਨੂੰ ਬੈਰੀਕੇਡਾਂ ਤੋਂ 100 ਮੀਟਰ ਦੂਰ ਰਹਿਣ ਦੀ ਚਿਤਾਵਨੀ ਦਿੱਤੀ ਗਈ ਸੀ। ਜਿਕਰਯੋਗ ਹੈ ਕਿ ਭਾਰਤ-ਅਮਰੀਕਾ ਟਰੇਡ ਡੀਲ ਦੇ ਵਿਰੋਧ ਵਿੱਚ ਅੱਜ ਦਿੱਲੀ ਦੇ ਕਿਸਾਨ ਘਾਟ ਵਿਖੇ ਦੇਸ਼ ਭਰ ਦੇ ਕਿਸਾਨਾਂ ਵੱਲੋਂ ਇਕੱਠੇ ਹੋਣ ਦੇ ਦਿੱਤੇ ਗਏ ਸੱਦੇ ਦੇ ਚੱਲਦਿਆਂ, ਪੰਜਾਬ ਅਤੇ ਹਰਿਆਣਾ ਨੂੰ ਜੋੜਨ ਵਾਲਾ ਸ਼ੰਭੂ ਬਾਰਡਰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ। ਬੀਤੀ ਰਾਤ ਤੋਂ ਹੀ ਸੜਕਾਂ ਬੰਦ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ ਅਤੇ ਆਪਸੀ ਸਹਿਮਤੀ ਨਾ ਬਣਨ ਕਾਰਨ ਸਵੇਰੇ 5:30 ਵਜੇ ਹਰਿਆਣਾ ਪੁਲੀਸ ਵੱਲੋਂ ਬੈਰੀਕੇਡ ਲਗਾ ਕੇ ਦੋਵੇਂ ਰਸਤੇ ਪੂਰੀ ਤਰ੍ਹਾਂ ਬੰਦ ਕਰ ਦਿੱਤੇ ਗਏ ਹਨ, ਜਿਸ ਨਾਲ ਉੱਥੇ ਆਵਾਜਾਈ ਮੁਕੰਮਲ ਤੌਰ ਤੇ ਠੱਪ ਹੋ ਗਈ। ਚਾਰ ਘੰਟੇ ਦੇ ਧਰਨੇ ਦੇ ਐਲਾਨ ਤਹਿਤ ਕਿਸਾਨਾਂ ਦੀਆਂ ਵੱਖ-ਵੱਖ ਯੂਨੀਅਨਾਂ ਸ਼ੰਭੂ ਬਾਰਡਰ ਦੇ ਉੱਪਰ ਪਹੁੰਚੀਆਂ ਸਨ। ਬੀਤੇ ਕੱਲ੍ਹ ਹਰਿਆਣਾ ਪੁਲੀਸ ਵੱਲੋਂ ਕਾਰਵਾਈ ਕਰਦਿਆਂ ਕਈ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਵੀ ਲਿਆ ਗਿਆ ਸੀ, ਪਰ ਇਸ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਵੱਲੋਂ ਸਵੇਰੇ 5:00 ਵਜੇ ਫ਼ਤਹਿਗੜ੍ਹ ਸਾਹਿਬ ਤੋਂ ਵੱਡੀ ਗਿਣਤੀ ਵਿੱਚ ਕਿਸਾਨਾਂ ਦੇ ਕਾਫ਼ਲੇ ਨਾਲ ਦਿੱਲੀ ਵੱਲ ਕੂਚ ਕਰ ਦਿੱਤਾ ਗਿਆ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


# ਸਿੱਕਮ 'ਚ ਨਿਰਮਾਣ ਅਧੀਨ ਸੁਰੰਗ 'ਚ ਜ਼ਮੀਨ ਖਿਸਕਣ ਕਾਰਨ 10 ਮਜ਼ਦੂਰਾਂ ਦੀ ਮੌਤ

## ਕਈ ਮਜ਼ਦੂਰ ਹਾਲੇ ਵੀ ਸੁਰੰਗ ਦੇ ਅੰਦਰ ਰਾਹਤ ਅਤੇ ਬਚਾਅ ਕਾਰਜ ਜਾਰੀ



**ਗੰਗਟੋਕ :** ਸਿੱਕਮ ਵਿੱਚ ਸੋਮਵਾਰ ਨੂੰ ਇੱਕ ਸੁਰੰਗ 'ਤੇ ਜ਼ਮੀਨ ਖਿਸਕਣ ਕਰਨ ਉਸ ਦਾ ਐਂਟਰੀ ਗੇਟ ਬੰਦ ਹੋ ਗਿਆ, ਜਿਸ ਨਾਲ ਅੰਦਰ ਮੌਜੂਦ 27 ਮਜ਼ਦੂਰ ਫਸ ਗਏ । ਇਨ੍ਹਾਂ ਵਿੱਚੋਂ 10 ਮਜ਼ਦੂਰਾਂ ਦੀ ਮੌਤ ਹੋ ਗਈ । ਜਦਕਿ ਬਾਕੀ 19 ਮਜ਼ਦੂਰ ਹਾਲੇ ਵੀ ਸੁਰੰਗ ਅੰਦਰ ਫਸੇ ਹੋਏ ਹਨ। ਨਾਮਚੀ ਜ਼ਿਲ੍ਹੇ ਦੇ ਮਾਮਰਿੰਗ ਸਥਿਤ ਸਮਰਦੁੰਗ ਸੁਰੰਗ ਵਿੱਚ ਨਿਰਮਾਣ ਕਾਰਜ ਚੱਲ ਰਿਹਾ ਸੀ। ਜ਼ਿਲ੍ਹਾ ਕਲੈਕਟਰ ਅਨੂਪਾ ਤਾਮਲਿੰਗ ਨੇ ਦੱਸਿਆ ਕਿ ਸੁਰੰਗ ਵਿੱਚ ਫਸੇ ਮਜ਼ਦੂਰਾਂ ਦੀ ਗਿਣਤੀ 27 ਤੋਂ ਘੱਟ ਜਾਂ ਵੱਧ ਵੀ ਹੋ ਸਕਦੀ ਹੈ।

ਸੁਰੰਗ ਵਿੱਚ ਮੀਥੇਨ ਗੈਸ ਲੀਕ ਹੋਣ ਦਾ ਖਦਸ਼ਾ ਹੈ। ਇਸ ਵਜ੍ਹਾ ਨਾਲ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਮੁਸ਼ਕਲਾਂ ਆ ਰਹੀਆਂ ਹਨ। ਕਈ ਬਚਾਅ ਕਰਮਚਾਰੀਆਂ ਨੂੰ ਅੰਦਰ ਜਾਣ ਦੌਰਾਨ ਚੱਕਰ ਆਏ ਅਤੇ ਕੁਝ ਬੇਹੋਸ਼ ਵੀ ਹੋ ਗਏ, ਜਿਸ ਨਾਲ ਰੈਸਕਿਊ ਆਪ੍ਰੇਸ਼ਨ ਪ੍ਰਭਾਵਿਤ ਹੋਇਆ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪਟੜੀ ਤੋਂ ਹੇਠਾਂ ਉਤਰੇ ਮਾਲ ਗੱਡੀ ਦੇ 6 ਡੱਬੇ, 16 ਟ੍ਰੇਨਾਂ ਰੱਦ

**ਨਵੀਂ ਦਿੱਲੀ,।** ਉੱਤਰੀ ਰੇਲਵੇ ਦੇ ਗਾਜ਼ੀਆਬਾਦ-ਨਵੀਂ ਦਿੱਲੀ ਸੈਕਸ਼ਨ ਤੇ ਅੱਜ ਇੱਕ ਮਾਲ ਗੱਡੀ ਦੇ ਛੇ ਡੱਬੇ ਪਟੜੀ ਤੋਂ ਉਤਰ ਗਏ, ਜਿਸ ਕਾਰਨ ਸੈਕਸ਼ਨ ਤੇ ਆਵਾਜਾਈ ਵਿੱਚ ਵਿਘਨ ਪਿਆ। ਇਸ ਹਾਦਸੇ ਦੇ ਕਾਰਨ ਉੱਤਰੀ ਰੇਲਵੇ ਨੇ ਕਈ ਈਐਮਯੂ ਅਤੇ ਯਾਤਰੀ ਰੇਲਗੱਡੀਆਂ ਨੂੰ ਪੂਰੀ ਤਰ੍ਹਾਂ ਰੱਦ, ਅੰਸ਼ਕ ਤੌਰ ਤੇ ਰੱਦ ਕਰ ਦਿੱਤਾ ਹੈ ਜਾਂ ਡਾਇਵਰਟ ਕਰ ਦਿੱਤਾ ਹੈ। ਇਸ ਹਾਦਸੇ ਵਿੱਚ ਕਿਸੇ ਦੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਉੱਤਰੀ ਰੇਲਵੇ ਦੇ ਮੁੱਖ ਲੋਕ ਸੰਪਰਕ ਅਧਿਕਾਰੀ ਹਿਮਾਂਸ਼ੂ ਸ਼ੇਖਰ ਉਪਾਧਿਆਏ ਨੇ ਕਿਹਾ ਕਿ ਹਾਦਸੇ ਕਾਰਨ 53 ਰੇਲਗੱਡੀਆਂ ਪ੍ਰਭਾਵਿਤ ਹੋਈਆਂ ਹਨ। ਇਨ੍ਹਾਂ ਵਿੱਚੋਂ 24 ਰੇਲਗੱਡੀਆਂ ਨੂੰ ਬਦਲ ਦਿੱਤਾ ਗਿਆ ਹੈ ਅਤੇ ਬਦਲਵੇਂ ਰੂਟਾਂ ਰਾਹੀਂ ਚਲਾਇਆ ਜਾ ਰਿਹਾ ਹੈ। ਜਦੋਂ ਕਿ 16 ਯਾਤਰੀ ਟ੍ਰੇਨਾਂ ਪੂਰੀ ਤਰ੍ਹਾਂ ਰੱਦ ਕਰ ਦਿੱਤੀਆਂ ਗਈਆਂ ਹਨ, ਜਦਕਿ ਪੰਜ ਯਾਤਰੀ ਟ੍ਰੇਨਾਂ ਨੂੰ ਅੰਸ਼ਕ ਤੌਰ ਤੇ ਰੱਦ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਅੱਠ ਟ੍ਰੇਨਾਂ ਨੂੰ ਵੱਖ-ਵੱਖ ਸਟੇਸ਼ਨਾਂ ਤੇ ਕੰਟਰੋਲ ਕੀਤਾ ਗਿਆ ਹੈ। ਰੇਲਵੇ ਅਧਿਕਾਰੀਆਂ ਦੇ ਅਨੁਸਾਰ ਘਟਨਾ ਦੀ ਸੂਚਨਾ ਮਿਲਣ ਤੇ ਦਿੱਲੀ ਡਿਵੀਜ਼ਨ ਦੇ ਡਿਵੀਜ਼ਨਲ ਰੇਲਵੇ ਮੈਨੇਜਰ (ਡੀਆਰਐਮ), ਐਡੀਸ਼ਨਲ ਡਿਵੀਜ਼ਨਲ ਰੇਲਵੇ ਮੈਨੇਜਰ (ਏਡੀਆਰਐਮ) ਅਤੇ ਹੋਰ ਸੀਨੀਅਰ ਅਧਿਕਾਰੀ ਮੌਕੇ ਤੇ ਪਹੁੰਚੇ। ਰੇਲਵੇ ਟੀਮਾਂ ਨੇ ਤੁਰੰਤ ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ। ਹਾਦਸੇ ਕਾਰਨ ਇਸ ਰੂਟ ਤੇ ਰੋਜ਼ਾਨਾ ਆਉਣ-ਜਾਣ ਵਾਲਿਆਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਰੇਲਵੇ ਨੇ ਕਿਹਾ ਕਿ ਅਲੀਗੜ੍ਹ, ਪਲਵਲ ਅਤੇ ਸਾਹਿਬਾਬਾਦ ਵੱਲ ਜਾਣ ਵਾਲੀਆਂ ਕੁਝ ਸੇਵਾਵਾਂ ਦੇ ਸੰਚਾਲਨ ਵਿੱਚ ਵੀ ਬਦਲਾਅ ਕੀਤੇ ਗਏ ਹਨ।

# ਤ੍ਰਿਪੁਰਾ ਦੇ ਡੀਜੀਪੀ ਜਿਨ੍ਹਾਂ ਨੇ ਸਿੱਖ ਵਿਰੋਧੀ ਦੰਗਿਆਂ ਦੀ ਜਾਂਚ ਦੀ ਕੀਤੀ ਸੀ ਅਗਵਾਈ

## ਬੀਤੇ ਦਿਨ ਦਫ਼ਤਰ ਦੇ ਟਾਇਲਟ ਵਿੱਚ ਮਿਲੇ ਸਨ ਮ੍ਰਿਤਕ



**ਅਗਰਤਲਾ:** ਤ੍ਰਿਪੁਰਾ ਦੇ ਡੀਜੀਪੀ ਅਨੁਰਾਗ ਧਨਖੜ, 1994 ਬੈਚ ਦੇ ਆਈਪੀਐਸ ਅਧਿਕਾਰੀ, ਜਿਨ੍ਹਾਂ ਨੇ ਹੀਰਾ ਕਾਰੋਬਾਰੀ ਨੀਰਵ ਮੋਦੀ ਨਾਲ ਸਬੰਧਤ 13,000 ਕਰੋੜ ਰੁਪਏ ਦੇ ਪੰਜਾਬ ਨੈਸ਼ਨਲ ਬੈਂਕ ਧੋਖਾਧੜੀ ਮਾਮਲੇ ਦੀ ਸੀਬੀਆਈ ਜਾਂਚ ਦੀ ਅਗਵਾਈ ਕੀਤੀ ਅਤੇ ਬਾਅਦ ਵਿੱਚ 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਮੁੜ ਜਾਂਚ ਕਰਨ ਵਾਲੀ ਐਸਆਈਟੀ ਦੀ ਅਗਵਾਈ ਕੀਤੀ, ਸੋਮਵਾਰ ਨੂੰ ਅਗਰਤਲਾ ਪੁਲਿਸ ਹੈੱਡਕੁਆਰਟਰ ਵਿਖੇ ਆਪਣੇ ਦਫ਼ਤਰ ਦੇ ਟਾਇਲਟ ਵਿੱਚ ਮ੍ਰਿਤਕ ਪਾਏ ਗਏ। ਸਰਕਾਰ ਨੇ ਨਿਆਂਇਕ ਜਾਂਚ ਦੀ ਮੰਗ ਦੇ ਵਿਚਕਾਰ ਮੈਜਿਸਟਰੇਟ ਜਾਂਚ ਦੇ ਆਦੇਸ਼ ਦਿੱਤੇ ਹਨ। ਪੁਲਿਸ ਨੇ ਕਿਹਾ ਕਿ ਹਾਲਾਤ ਖੁਦਕੁਸ਼ੀ ਵੱਲ ਇਸ਼ਾਰਾ ਕਰਦੇ ਹਨ ਪਰ ਮੌਤ ਦੇ ਕਾਰਨ ਦੀ ਪੁਸ਼ਟੀ ਕਰਨ ਜਾਂ ਇਹ ਕਹਿਣ ਤੋਂ ਇਨਕਾਰ ਕਰ ਦਿੱਤਾ ਕਿ ਕੀ ਕੋਈ ਮੌਤ ਦਾ ਨੋਟ ਮਿਲਿਆ ਹੈ।

ਪੁਲਿਸ ਸੂਤਰਾਂ ਨੇ ਕਿਹਾ ਕਿ ਧਨਖੜ, 60, ਅਸਾਧਾਰਨ ਤੌਰ 'ਤੇ ਲੰਬੇ ਸਮੇਂ ਤੱਕ ਟਾਇਲਟ ਦੇ ਅੰਦਰ ਰਿਹਾ, ਜਿਸ ਕਾਰਨ ਉਸਦੇ ਆਰਡਰਲੀ ਨੇ ਅਲਾਰਮ ਵਜਾਇਆ। ਅੰਦਰੋਂ ਬੰਦ ਦਰਵਾਜ਼ਾ ਟੁੱਟਿਆ ਹੋਇਆ ਸੀ। ਉਸਨੂੰ ਦੁਪਹਿਰ ਦੇ ਕਰੀਬ ਅਗਰਤਲਾ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਲਿਜਾਇਆ ਗਿਆ। ਡਾ. ਪ੍ਰਦੀਪ ਭੌਮਿਕ ਨੇ ਕਿਹਾ ਕਿ ਧਨਖੜ ਨੂੰ ਹਸਪਤਾਲ ਲਿਆਂਦਾ ਗਿਆ ਸੀ, ਉਸ ਵਿੱਚ ਜ਼ਿੰਦਗੀ ਦੇ ਕੋਈ ਸੰਕੇਤ ਨਹੀਂ ਸਨ। "ਉਹ ਮਰ ਚੁੱਕਾ ਸੀ। ਕਿਸੇ ਵੀ ਇਲਾਜ ਦੀ ਕੋਈ ਗੁੰਜਾਇਸ਼ ਨਹੀਂ ਸੀ," ਉਨ੍ਹਾਂ ਕਿਹਾ। ਹਸਪਤਾਲ ਦੇ ਸੂਤਰਾਂ ਨੇ ਕਿਹਾ ਕਿ ਡਾਕਟਰਾਂ ਨੇ ਫਿਰ ਵੀ ਉਸਨੂੰ ਮ੍ਰਿਤਕ ਐਲਾਨਣ ਤੋਂ ਪਹਿਲਾਂ ਲਗਭਗ 48 ਮਿੰਟਾਂ ਤੱਕ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ।

# CJP ਦਾ ਜੰਤਰ-ਮੰਤਰ 'ਤੇ ਪ੍ਰਦਰਸ਼ਨ ਫਿਰ ਸ਼ੁਰੂ, ਸਮਰਥਕਾਂ ਨੇ ਦੁਬਾਰਾ ਮੰਚ ਬਣਾਇਆ



**ਨਵੀਂ ਦਿੱਲੀ :** ਕਾਕਰੋਚ ਜਨਤਾ ਪਾਰਟੀ ਦਾ ਫਿਰ ਤੋਂ ਜੰਤਰ-ਮੰਤਰ 'ਤੇ ਪ੍ਰਦਰਸ਼ਨ ਸ਼ੁਰੂ ਹੋ ਗਿਆ ਹੈ। ਛਝਫ ਦੇ ਸੰਸਦ ਭਵਨ ਵੱਲ ਕੀਤੇ ਮਾਰਚ ਤੋਂ ਬਾਅਦ ਦਿੱਲੀ ਪੁਲਿਸ ਨੇ ਸੋਮਵਾਰ ਸ਼ਾਮ 5 ਵਜੇ ਜੰਤਰ-ਮੰਤਰ ਖਾਲੀ ਕਰਵਾ ਦਿੱਤਾ ਸੀ। ਪ੍ਰਦਰਸ਼ਨਕਾਰੀ ਅਤੇ ਅਭਿਜੀਤ ਦੀਪਕੇ 6 ਘੰਟੇ ਬਾਅਦ ਫਿਰ ਵਾਪਸ ਪਰਤ ਆਏ ਅਤੇ ਸੋਮਵਾਰ ਰਾਤ 11 ਵਜੇ ਤੱਕ ਭਾਰੀ ਗਿਣਤੀ 'ਚ ਲੋਕ ਇਕੱਠੇ ਹੋ ਗਏ ਅਤੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਅਸਤੀਫਾ ਹੋਣ ਤੱਕ ਅੰਦੋਲਨ ਜਾਰੀ ਰਹੇਗਾ ਅਤੇ ਜੰਤਰ-ਮੰਤਰ ਤੋਂ ਨਹੀਂ ਹਟਾਂਗੇ। ਪ੍ਰਦਰਸ਼ਨਕਾਰੀ ਧਰਮੇਂਦਰ ਪ੍ਰਧਾਨ ਦੇ ਅਸਤੀਫੇ ਸਮੇਤ ਤਿੰਨ ਮੰਗਾਂ ਨੂੰ ਲੈ ਕੇ ਸੜਕਾਂ 'ਤੇ ਉੱਤਰੇ ਹਨ । ਸੋਮਵਾਰ ਨੂੰ ਦੀਪਕੇ ਸਮੇਤ CJP ਸਮਰਥਕਾਂ ਨੇ ਸੰਸਦ ਤੱਕ ਮਾਰਚ ਕੀਤਾ ਸੀ। ਪਿਛਲੇ 14 ਸਾਲਾਂ ਵਿੱਚ ਪਹਿਲੀ ਵਾਰ ਪ੍ਰਦਰਸ਼ਨਕਾਰੀਆਂ ਦੀ ਭੀੜ ਸੰਸਦ ਦੇ ਦਰਵਾਜ਼ੇ ਤੱਕ ਪਹੁੰਚੀ ਹੈ। ਇਸ ਤੋਂ ਪਹਿਲਾਂ, 2012 ਵਿੱਚ ਨਿਰਭਯਾ ਕਾਂਡ ਦੇ ਵਿਰੋਧ ਵਿੱਚ ਇਸ ਇਲਾਕੇ ਵਿੱਚ ਵੱਡੇ ਪੱਧਰ 'ਤੇ ਪ੍ਰਦਰਸ਼ਨ ਹੋਇਆ ਸੀ।


SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਹਠੂਰ ਪੁਲਿਸ ਨੇ ਗੱਡੀ ਖੋਹਣ ਵਾਲਿਆਂ ਨੂੰ ਗ੍ਰਿਫਤਾਰ ਕੀਤਾ

**ਰਾਏਕੋਟ, 21ਜੁਲਾਈ ਗੁਰਭਿੰਦਰ ਗੁਰੀ** ਥਾਣਾ ਹਠੂਰ ਦੀ ਪੁਲਿਸ ਨੇ ਗੱਡੀ ਖੋਹਣ ਵਾਲੇ ਛੇ ਦੋਸੀਆ ਨੂੰ ਗ੍ਰਿਫਤਾਰ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆ ਥਾਣਾ ਹਠੂਰ ਦੇ ਇੰਚਾਰਜ ਗੁਰਸੇਵਕ ਸਿੰਘ ਨੇ ਦੱਸਿਆ ਕਿ ਬੀਤੇ ਬੁੱਧਵਾਰ ਦੀ ਸਵੇਰ ਗੋਲੂ ਕੁਮਾਰ ਪੁੱਤਰ ਬਨਾਰਸੀ ਸਿੰਘ ਵਾਸੀ ਪੁਰੇਣੀ ਕਲਾਂ ਜ਼ਿਲ੍ਹਾ ਭੋਜਪੁਰ (ਬਿਹਾਰ) ਹਾਲ ਵਾਸੀ ਆਰ ਐਨ ਸੀ ਪਲਾਂਟ ਗਾਗੇਵਾਲ (ਬਰਨਾਲਾ) ਅਤੇ ਅਜੀਤ ਕੁਮਾਰ ਪੁੱਤਰ ਸਤਰੂਧਨ ਰਾਏ ਵਾਸੀ ਬਜਾਰਬਿਠੀ ਜ਼ਿਲ੍ਹਾ ਛਪਰਾ (ਬਿਹਾਰ) ਹਾਲ ਵਾਸੀ ਆਰ ਐਨ ਸੀ ਪਲਾਂਟ ਪਲਾਂਟ ਗਾਗੇਵਾਲ ( ਬਰਨਾਲਾ) ਤੋਂ ਉਨ੍ਹਾ ਦੀ ਕੰਪਨੀ ਦੀ ਬਲੈਰੋ ਕੈਂਪਰ ਗੱਡੀ ਨੰਬਰ ਪੀਬੀ 03 ਬੀ ਜੇ6072 ਅਤੇ ਉਨ੍ਹਾ ਦੇ ਮੋਬਾਇਲ ਫੋਨ ਸਮੇਤ ਛੇ ਅਣਪਛਾਤੇ ਵਿਅਕਤੀਆਂ ਨੇ ਮਾਰੂ ਹਥਿਆਰਾ ਨਾਲ ਕੁੱਟਮਾਰ ਕਰਕੇ ਇਨ੍ਹਾ ਨੂੰ ਗੱਡੀ ਵਿੱਚ ਹੀ ਅਗਵਾਹ ਕਰਕੇ ਹਲਵਾਰਾ (ਸੁਧਾਰ) ਵਿਖੇ ਛੱਡ ਗਏ ਸਨ ਅਤੇ ਗੱਡੀ ਖੋਹ ਕੇ ਫਰਾਰ ਹੋ ਗਏ ਸਨ, ਇਸ ਸਬੰਧੀ ਗੋਲੂ



ਕੁਮਾਰ ਦੇ ਬਿਆਨਾ ਦੇ ਅਧਾਰ ਤੇ ਮੁਕੱਦਮਾ ਨੰਬਰ 120 15-7-2026 ਧਾਰਾ 140(3), 310(2) ਬੀਐਨਐਸ ਤਹਿਤ ਥਾਣਾ ਹਠੂਰ ਵਿਖੇ ਵਾਧਾ ਜੁਰਮ ਅ/ਧ 317(2) ਬੀਐਨਐਸ ਦਰਜ ਮੁਕੱਦਮਾ ਕੀਤਾ ਗਿਆ ਸੀ।ਥਾਣਾ ਮੁੱਖੀ ਗੁਰਸੇਵਕ ਸਿੰਘ ਨੇ ਦੱਸਿਆ ਕਿ ਐਸ.ਐਸ.ਪੀ ਸਾਹਿਬ ਲੁਧਿਆਣਾ (ਦਿਹਾਤੀ) ਅਤੇ ਉਪ ਕਪਤਾਨ ਪੁਲਿਸ ਸਬ ਡਵੀਜ਼ਨ ਰਾਏਕੋਟ ਵੱਲੋ ਵੱਖ-ਵੱਖ ਪੁਲਿਸ ਦੀਆ ਟੀਮਾ ਬਣਾ ਕੇ ਦੋਸੀਆ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਸੀ।ਜਿਨ੍ਹਾ ਨੂੰ ਅੱਜ ਗ੍ਰਿਫਤਾਰ ਕਰ ਲਿਆ ਹੈ ਉਨ੍ਹਾ ਦੱਸਿਆ ਕਿ ਗ੍ਰਿਫਤਾਰ ਕੀਤੇ ਦੋਸੀ ਗੁਰਗਿਆਨ ਸਿੰਘ ਉਰਫ ਲਾਡੀ ਪੁੱਤਰ ਗੁਰਜੰਟ ਸਿੰਘ, ਜਸਪ੍ਰੀਤ ਸਿੰਘ ਜੱਸੀ ਪੁੱਤਰ ਸੁਰਜੀਤ ਸਿੰਘ,ਜਗਦੀਪ ਸਿੰਘ ਗੱਗ ਪੁੱਤਰ ਬਿੱਕਰ ਸਿੰਘ, ਮਨਜਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ, ਪਰਮਿੰਦਰਜੀਤ ਸਿੰਘ ਵਿੱਕੀ ਪੁੱਤਰ ਸੁਖਵਿੰਦਰ ਸਿੰਘ ਪਿੰਡ ਦੇਹੜਕਾ,ਇਕਬਾਲ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਕੋਠੇ ਰਾਹਲਾ ਨੂੰ ਕਾਬੂ ਕਰਕੇ ਇੰਨਾ ਤੋ ਖੋਹ ਕੀਤੀ ਗੱਡੀ,ਵਾਰਦਾਤ ਵਿੱਚ ਵਰਤਿਆ ਛੋਟਾ ਹਾਥੀ ਨੰਬਰ ਪੀਬੀ 05 ਪੀ 9906 ਅਤੇ ਖੋਹ ਕੀਤਾ ਮੋਬਾਇਲ ਫੋਨ,ਮਾਰੂ ਹਥਿਆਰ ਬਰਾਮਦ ਕਰਕੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋਸ਼ੀਆਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਗਿਆ ਹੈ, ਅੱਗੇ ਪੁੱਛਗਿੱਛ ਜਾਰੀ ਹੈ।

# ਨਹਿਰੀ ਵਿਭਾਗ ਖਿਲਾਫ ਕਿਸਾਨਾਂ ਨੇ ਕੀਤਾ ਰੋਸ ਪ੍ਰਦਰਸ਼ਨ

**ਰਾਏਕੋਟ, 21ਜੁਲਾਈ ਗੁਰਭਿੰਦਰ ਗੁਰੀ** ਪਿਛਲੇ ਪੰਦਰਾਂ ਦਿਨ ਤੋਂ ਪਿੰਡ ਰਸੂਲਪੁਰ (ਮੱਲ੍ਹਾ) ਦੇ ਦੋ ਮੋਘਿਆ ਵਿਚ ਪਾਣੀ ਬੰਦ ਹੋਣ ਕਰਕੇ ਝੋਨੇ ਦੇ ਖੇਤ ਪਾਣੀ ਬਿਨਾਂ ਸੁੱਕ ਰਹੇ ਹਨ।ਇਸ ਗੰਭੀਰ ਸਮੱਸਿਆ ਨੂੰ ਮੱਦੇਨਜਰ ਰੱਖਦਿਆ ਅੱਜ ਪੇਡੂ ਮਜਦੂਰ ਯੂਨੀਅਨ ਦੇ ਜਿਲ੍ਹਾ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਦੀ ਅਗਵਾਈ ਹੇਠ ਨਹਿਰੀ ਵਿਭਾਗ ਖਿਲਾਫ ਪਿੰਡ ਰਸੂਲਪੁਰ ਵਿਖੇ ਰੋਸ ਪ੍ਰਦਰਸਨ ਕੀਤਾ ਗਿਆ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਕਮੇਟੀ ਮੈਂਬਰ ਰਮਨ ਸਿੰਘ ਗਿੱਲ ਅਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਅਵਤਾਰ ਸਿੰਘ ਰਸੂਲਪੁਰ ਨੇ ਦੱਸਿਆ ਕਿ ਇਸ ਰਜਬ-ਹੇ ਤੋਂ ਪਿੰਡ ਰਸੂਲਪੁਰ ਨੂੰ ਦੋ ਮੋਘੇ 'ਦੈੜਾਂ ਵਾਲਾ ਨੰਬਰ 30266' ਅਤੇ 'ਡਾਂਗੀਆਂ ਦੇ ਪੁੱਲ ਵਾਲਾ ਨੰਬਰ 33290' ਲਗਦੇ ਹਨ। ਉਨ੍ਹਾਂ ਦੱਸਿਆ ਕਿ ਦੈੜਾਂ ਵਾਲੇ ਮੋਘੇ ਤੋਂ 1300 ਏਕੜ ਅਤੇ



ਡਾਂਗੀਆ ਦੇ ਪੁੱਲ ਵਾਲੇ ਮੋਘੇ ਤੋਂ 1000 ਏਕੜ ਖੇਤਾਂ ਨੂੰ ਪਾਣੀ ਲੱਗਦਾ ਹੈ ਪਰ ਪਿੰਡ ਰਸੂਲਪੁਰ (ਮੱਲ੍ਹਾ) ਨੂੰ ਲੱਗਦੇ ਉਕਤ ਮੋਘੇ ਰਜਬਾਹੇ ਵਿੱਚ ਨਾ ਮਾਤਰ ਪਾਣੀ ਆਉਣ ਕਾਰਨ ਦੋਵੇਂ ਮੋਘੇ ਨਹਿਰੀ ਪਾਣੀ ਤੋਂ ਸੱਖਣੇ ਹਨ। ਮੋਘਿਆਂ ਵਿੱਚ ਨਹਿਰੀ ਪਾਣੀ ਨਾ ਆਉਣ ਕਾਰਨ ਰਸੂਲਪੁਰ ਦੇ ਕਿਸਾਨਾਂ ਵਿੱਚ ਭਾਰੀ ਰੋਸ਼ ਹੈ।ਇਸ ਮੌਕੇ ਕਿਸਾਨ ਮੋਹਣ ਸਿੰਘ, ਰੁਪਿੰਦਰ ਸਿੰਘ, ਜੋਰਾ ਸਿੰਘ ਅਤੇ ਅਜਮੇਰ ਸਿੰਘ ਨੇ ਦੱਸਿਆ ਕਿ ਪਿੰਡ ਰਸੂਲਪੁਰ ਦੇ ਦੋਵੇਂ ਮੋਘੇ ਟੇਲਾਂ ਤੇ ਪੈਂਦੇ ਹਨ।ਜਿਸ ਕਾਰਨ ਖੇਤਾਂ ਨੂੰ ਨਹਿਰੀ ਪਾਣੀ ਦੀ ਹਮੇਸ਼ਾ ਕਿੱਲਤ ਰਹਿੰਦੀ ਪਰ ਇਸ ਵਾਰ ਪਹਿਲਾਂ ਜਿਨ੍ਹਾਂ ਨਹਿਰੀ ਪਾਣੀ ਵੀ ਨਹੀਂ ਮਿਲ ਰਿਹਾ। ਉਨ੍ਹਾਂ ਮੰਗ ਕੀਤੀ ਉਕਤ ਰਜਬਾਹੇ ਤੋਂ ਪਿੰਡ ਰਸੂਲਪੁਰ ਦੇ ਮੋਘਿਆਂ ਨੂੰ ਪੂਰਾ ਨਹਿਰੀ ਪਾਣੀ ਛੱਡਿਆ ਜਾਵੇ। ਇਸ ਮੌਕੇ ਕਾਮਰੇਡ ਗੁਰਚਰਨ ਸਿੰਘ ਰਸੂਲਪੁਰ, ਗੁਰਮੀਤ ਸਿੰਘ ਸਿੱਧੂ, ਹਰਪ੍ਰੀਤ ਸਿੰਘ,ਸੁਖਪ੍ਰੀਤ ਸਿੰਘ, ਜਸਵੀਰ ਸਿੰਘ, ਮਨਜੀਤ ਸਿੰਘ, ਭਜਨ ਸਿੰਘ, ਅਮਰੀਕ ਸਿੰਘ, ਸਰਬਜੀਤ ਸਿੰਘ ਨੇ ਕਿਹਾ ਕਿ ਪਿੰਡ ਰਸੂਲਪੁਰ ਲਈ ਉਕਤ ਮੋਘਿਆ ਤੋਂ ਇਲਾਵਾ ਪਿੰਡ ਵਾਸਤੇ ਇੱਕ ਹੋਰ ਮੋਘਾ ਮਨਜ਼ੂਰ ਕੀਤਾ ਜਾਵੇ ਤਾਂ ਕਿ ਰਸੂਲਪੁਰ ਦੇ ਖੇਤਾਂ ਨੂੰ ਨਹਿਰੀ ਪਾਣੀ ਠੀਕ ਢੰਗ ਨਾਲ ਮਿਲ ਸਕੇ।ਇਸ ਸਬੰਧੀ ਜਦੋ ਨਹਿਰੀ ਵਿਭਾਗ ਦੇ ਜੇ ਈ ਰੱਜਤ ਅਗਰਵਾਲ ਨਾਲ ਸੰਪਰਕ ਕੀਤਾ ਤਾਂ ਉਨ੍ਹਾ ਕਿਹਾ ਕਿ ਜਦੋ ਸਾਡੇ ਕੋਲ ਕੋਈ ਕਿਸਾਨਾ ਦੀ ਸਿਕਾਇਤ ਆਵੇਗੀ ਤਾਂ ਕਾਰਵਾਈ ਕੀਤੀ ਜਾਵੇਗੀ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਚੌਰ ਦੀ ਮੀਟਿੰਗ 'ਚ ਜ਼ਿਲ੍ਹੇ 'ਚੋਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੀ ਮੁਸਕਾਨ ਦਾ ਕੀਤਾ ਸਨਮਾਨ: ਚਾਹਲ

**ਬਲਾਚੌਰ 21 ਜੁਲਾਈ( ਜਤਿੰਦਰ ਪਾਲ ਸਿੰਘ ਕਲੇਰ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ (ਰਜਿ. 295) ਤਹਿਸੀਲ ਬਲਾਚੌਰ ਦੀ ਮਾਸਿਕ ਮੀਟਿੰਗ ਬਲਾਕ ਪ੍ਰਧਾਨ ਡਾ. ਤਜਿੰਦਰ ਸਿੰਘ ਜੋਤ ਦੀ ਪ੍ਰਧਾਨਗੀ ਹੇਠ ਸਫਲਤਾਪੂਰਵਕ ਸੰਪੰਨ ਹੋਈ। ਮੀਟਿੰਗ ਦੀ ਸ਼ੁਰੂਆਤ ਵਿੱਚ ਜਨਰਲ ਸਕੱਤਰ ਡਾ. ਗਿਆਨ ਸਿੰਘ ਨੇ ਪਿਛਲੇ ਮਹੀਨੇ ਦੀਆਂ ਜਥੇਬੰਦਕ ਗਤੀਵਿਧੀਆਂ ਦੀ ਰਿਪੋਰਟ ਪੜ੍ਹ ਕੇ ਸੁਣਾਈ।ਇਸ ਮੀਟਿੰਗ ਵਿੱਚ ਡਾ. ਸੁਨੀਤਾ ਚੈਰੀਟੇਬਲ ਹਸਪਤਾਲ ਤੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ, ਜਦਕਿ ਕੇ.ਸੀ. ਕਾਲਜ ਨਵਾਂਸ਼ਹਿਰ ਤੋਂ ਡਾ. ਰੁਚਿਕਾ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਆਪਣੇ ਕਾਲਜ ਦੇ ਵੱਖ-ਵੱਖ ਕੋਰਸਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਸੂਬਾ ਕਮੇਟੀ ਦੇ ਉਪ ਪ੍ਰਧਾਨ ਡਾ. ਦਿਲਦਾਰ ਸਿੰਘ ਚਾਹਲ ਅਤੇ ਜ਼ਿਲ੍ਹਾ ਪ੍ਰਧਾਨ ਡਾ. ਕਸ਼ਮੀਰ ਸਿੰਘ ਢਿੱਲੋਂ ਵੀ ਉਚੇਚੇ ਤੌਰ 'ਤੇ ਹਾਜ਼ਰ ਹੋਏ। ਮੀਟਿੰਗ ਦੌਰਾਨ ਬਲਾਕ ਦੇ ਵਾਈਸ ਪ੍ਰਧਾਨ ਡਾ. ਪਿੰਕਾ ਦੀ ਲੜਕੀ ਮੁਸਕਾਨ, ਜਿਸ ਨੇ ਦਸਵੀਂ ਜਮਾਤ ਦੀਆਂ ਪ੍ਰੀਖਿਆਵਾਂ ਵਿੱਚੋਂ ਜ਼ਿਲ੍ਹੇ ਵਿੱਚੋਂ ਤੀਸਰਾ ਸਥਾਨ ਹਾਸਲ ਕਰਕੇ ਇਲਾਕੇ ਦਾ ਮਾਣ ਵਧਾਇਆ



ਸੀ, ਨੂੰ ਯੂਨੀਅਨ ਵੱਲੋਂ ਵਿਸ਼ੇਸ਼ ਤੌਰ 'ਤੇ ਮੈਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਸਮਾਗਮ ਦੌਰਾਨ ਭਗਤ ਕਬੀਰ ਜੀ ਦਾ ਪ੍ਰਕਾਸ਼ ਦਿਹਾੜਾ ਵੀ ਲੱਡੂਆਂ ਦਾ ਪ੍ਰਸ਼ਾਦ ਵੰਡ ਕੇ ਬੜੀ ਸ਼ਰਧਾ ਨਾਲ ਮਨਾਇਆ ਗਿਆ। ਚੇਅਰਮੈਨ ਡਾ. ਮਨੋਹਰ ਲਾਲ ਨੇ ਭਗਤ ਕਬੀਰ ਜੀ ਦੇ ਜੀਵਨ ਅਤੇ ਰਚਨਾਵਾਂ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਕਬੀਰ ਜੀ ਅਨੁਸਾਰ ਸੱਚੀ ਭਗਤੀ ਮਨ ਦੀ ਪਵਿੱਤਰਤਾ ਨਾਲ ਹੁੰਦੀ ਹੈ, ਬਾਹਰੀ ਆਡੰਬਰਾਂ ਨਾਲ ਨਹੀਂ। ਉਨ੍ਹਾਂ ਨੇ ਜਾਤ-ਪਾਤ, ਰੰਗ-ਰੂਪ ਅਤੇ ਉਚ-ਨੀਚ ਦੇ ਵਿਤਕਰੇ ਦਾ ਜ਼ੋਰਦਾਰ ਖੰਡਨ ਕੀਤਾ। ਉਨ੍ਹਾਂ "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥" ਪਾਵਨ ਤੁਕਾਂ ਦਾ ਹਵਾਲਾ ਦਿੰਦਿਆਂ ਸਭ ਨੂੰ ਭਾਈਚਾਰਕ ਸਾਂਝ ਦਾ ਸੁਨੇਹਾ ਦਿੱਤਾ।ਬਲਾਕ ਪ੍ਰਧਾਨ ਡਾ. ਤੇਜਿੰਦਰ ਸਿੰਘ ਜੋਤ ਨੇ ਬਰਸਾਤੀ ਮੌਸਮ ਦੌਰਾਨ ਫ਼ੈਲਣ ਵਾਲੀਆਂ ਬੀਮਾਰੀਆਂ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਬਰਸਾਤ ਦੇ ਨਾਲ ਹੀ ਡੇਂਗੂ ਵਰਗੀਆਂ ਗੰਭੀਰ ਬੀਮਾਰੀਆਂ ਦਾ ਖ਼ਤਰਾ ਵਧ ਜਾਂਦਾ ਹੈ। ਡੇਂਗੂ ਇੱਕ ਵਾਇਰਲ ਬੁਖ਼ਾਰ ਹੈ ਜੋ 'ਏਡੀਜ਼' ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ, ਜੋ ਅਕਸਰ ਦਿਨ ਵੇਲੇ ਕੱਟਦਾ ਹੈ ਅਤੇ ਸਾਫ਼ ਖੜ੍ਹੇ ਪਾਣੀ ਵਿੱਚ ਪਲਦਾ ਹੈ। ਉਨ੍ਹਾਂ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਘਰਾਂ ਦੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ ਤਾਂ ਜੋ ਪਰਿਵਾਰ ਅਤੇ ਸਮਾਜ ਨੂੰ ਇਸ ਬੀਮਾਰੀ ਤੋਂ ਸੁਰੱਖਿਅਤ ਰੱਖਿਆ ਜਾ ਸਕੇ ਮੀਟਿੰਗ ਵਿੱਚ ਹਾਜ਼ਰ ਹੋਏ।ਡਾ ਪ੍ਰੇਮ ਸਿੰਘ, ਡਾ ਬਲਦੇਵ ਸਿੰਘ, ਡਾ ਸ਼ਮਸ਼ੇਰ ਸਿੰਘ,ਡਾ ਅੰਗਰੇਜ਼, ਡਾ ਬਲਵੀਰ ਸਿੰਘ, ਡਾ ਜਸਵੀਰ ਸਿੰਘ, ਡਾ ਗੁਰਦਿਆਲ ਸਿੰਘ, ਡਾ ਸੁਭਾਸ਼, ਡਾ ਨਰੇਸ਼,ਡਾ ਬਹਾਦਰ ਸਿੰਘ,ਡਾ ਮਨਜੀਤ,ਡਾ ਬਲਵੰਤ,ਡਾ ਹਰਜਿੰਦਰ ਸਿੰਘ ਕੈਸ਼ੀਅਰ, ਡਾ ਯਸ਼ਪਾਲ ਸ਼ਰਮਾ,ਡਾ ਸਾਹਿਲ, ਡਾ ਅੰਜੂ ਬਾਲਾ,ਡਾ ਰਮਨ,, ਡਾ ਰਾਮ ਲਾਲ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਜੀਸੀਐਲ ਬ੍ਰੋਕਿੰਗ ਨੇ ਲੁਧਿਆਣਾ ਵਿੱਚ ਨਵੀਂ ਸ਼ਾਖਾ ਦਾ ਸ਼ੁਭਾਰੰਭ ਕੀਤਾ, ਉੱਤਰੀ ਭਾਰਤ ਵਿੱਚ ਵਿਸਥਾਰ ਨੂੰ ਮਿਲੀ ਨਵੀਂ ਰਫ਼ਤਾਰ

**ਲੁਧਿਆਣਾ 21 ਜੁਲਾਈ (ਕਰਨੈਲ ਸਿੰਘ ਐੱਮ.ਏ.)** ਭਾਰਤ ਦੀ ਅਗੇਤੀ ਫੁੱਲ-ਸੇਵਾ ਸਟਾਕ ਬ੍ਰੋਕਿੰਗ ਕੰਪਨੀ ਘਛਲ ਭਰੋਕਿਨਗ ਨੇ ਅੱਜ ਲੁਧਿਆਣਾ ਵਿੱਚ ਆਪਣੀ ਨਵੀਂ ਸ਼ਾਖਾ ਦਾ ਸ਼ੁਭਾਰੰਭ ਕੀਤਾ। ਇਸ ਮੌਕੇ ਕੰਪਨੀ ਦੇ ਸੀਈਓ ਰਵੀ ਸਿੰਘਲ ਸਮੇਤ ਸੀਨੀਅਰ ਅਧਿਕਾਰੀ, ਕਾਰੋਬਾਰੀ ਸਹਿਯੋਗੀ, ਨਿਵੇਸ਼ਕ ਅਤੇ ਮਾਣਯੋਗ ਮਹਿਮਾਨ ਹਾਜ਼ਰ ਸਨ।ਜੀਸੀਐਲ ਬ੍ਰੋਕਿੰਗ ਪਿਛਲੇ 20 ਤੋਂ ਵੱਧ ਸਾਲਾਂ ਤੋਂ ਪੂੰਜੀ ਬਾਜ਼ਾਰ, ਕਮੋਡਿਟੀ, ਮਿਊਚੁਅਲ ਫੰਡ, ਆਈਪੀਓ, ਬਾਂਡ, ਬੀਮਾ, ਵੈਲਥ ਮੈਨੇਜਮੈਂਟ ਅਤੇ ਹੋਰ ਵਿੱਤੀ ਸੇਵਾਵਾਂ ਰਾਹੀਂ ਹਜ਼ਾਰਾਂ ਨਿਵੇਸ਼ਕਾਂ ਨੂੰ ਗੁਣਵੱਤਾਪੂਰਨ ਸੇਵਾਵਾਂ ਪ੍ਰਦਾਨ ਕਰ ਰਹੀ ਹੈ। ਕੰਪਨੀ ਆਧੁਨਿਕ ਤਕਨਾਲੋਜੀ ਅਤੇ ਤਜਰਬੇਕਾਰ ਰਿਸਰਚ ਟੀਮ ਦੇ ਸਹਿਯੋਗ ਨਾਲ ਨਿਵੇਸ਼ਕਾਂ ਨੂੰ ਬਿਹਤਰ ਨਿਵੇਸ਼ ਹੱਲ ਉਪਲਬਧ ਕਰਵਾਉਣ ਲਈ ਵਚਨਬੱਧ ਹੈ।

ਇਸ ਮੌਕੇ ਕੰਪਨੀ ਦੇ ਸੀਈਓ ਰਵੀ ਸਿੰਘਲ ਨੇ ਕਿਹਾ, "ਲੁਧਿਆਣਾ ਵਰਗੇ ਪ੍ਰਮੁੱਖ ਉਦਯੋਗਿਕ ਅਤੇ ਵਪਾਰਕ ਸ਼ਹਿਰ ਵਿੱਚ ਸਾਡੀ ਨਵੀਂ ਸ਼ਾਖਾ ਦਾ ਉਦਘਾਟਨ ਸਾਡੇ ਵਿਸਥਾਰ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।




ਸਾਡਾ ਉਦੇਸ਼ ਸਿਰਫ਼ ਟ੍ਰੇਡਿੰਗ ਸੁਵਿਧਾਵਾਂ ਉਪਲਬਧ ਕਰਵਾਉਣਾ ਨਹੀਂ, ਸਗੋਂ ਨਿਵੇਸ਼ਕਾਂ ਨੂੰ ਸਹੀ ਮਾਰਗਦਰਸ਼ਨ, ਰਿਸਰਚ-ਆਧਾਰਿਤ ਸਲਾਹ ਅਤੇ ਲੰਬੇ ਸਮੇਂ ਦੀ ਵਿੱਤੀ ਖੁਸ਼ਹਾਲੀ ਲਈ ਭਰੋਸੇਯੋਗ ਸਹਿਯੋਗ ਪ੍ਰਦਾਨ ਕਰਨਾ ਹੈ।"

ਨਵੀਂ ਸ਼ਾਖਾ ਰਾਹੀਂ ਸਥਾਨਕ ਨਿਵੇਸ਼ਕਾਂ, ਟ੍ਰੇਡਰਾਂ, ਕਾਰੋਬਾਰੀਆਂ ਅਤੇ ਨੌਜਵਾਨਾਂ ਨੂੰ ਇਕਵਿਟੀ, ਕਮੋਡਿਟੀ, ਡੈਰੀਵੇਟਿਵਜ਼, ਮਿਊਚੁਅਲ ਫੰਡ, ਆਈਪੀਓ, ਬੀਮਾ, ਬਾਂਡ ਅਤੇ ਹੋਰ ਵਿੱਤੀ ਉਤਪਾਦਾਂ ਦੇ ਨਾਲ-ਨਾਲ ਨਿਵੇਸ਼ ਸੰਬੰਧੀ ਮਾਹਿਰ ਸਲਾਹ ਵੀ ਉਪਲਬਧ ਕਰਵਾਈ ਜਾਵੇਗੀ। ਕੰਪਨੀ ਨੇ ਹਾਲ ਹੀ ਦੇ ਸਮੇਂ ਵਿੱਚ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਆਪਣੀ ਮੌਜੂਦਗੀ ਲਗਾਤਾਰ ਮਜ਼ਬੂਤ ਕੀਤੀ ਹੈ। ਲੁਧਿਆਣਾ ਸ਼ਾਖਾ ਦੇ ਸ਼ੁਭਾਰੰਭ ਨਾਲ ਜੀਸੀਐਲ ਬ੍ਰੋਕਿੰਗ ਦਾ ਉਦੇਸ਼ ਪੰਜਾਬ ਦੇ ਨਿਵੇਸ਼ਕਾਂ ਤੱਕ ਭਰੋਸੇਯੋਗ, ਪਾਰਦਰਸ਼ੀ ਅਤੇ ਤਕਨਾਲੋਜੀ-ਆਧਾਰਿਤ ਵਿੱਤੀ ਸੇਵਾਵਾਂ ਪਹੁੰਚਾਉਣਾ ਹੈ। ਘਛਲ ਭਰੋਕਿਨਗ ਆਉਣ ਵਾਲੇ ਸਮੇਂ ਵਿੱਚ ਵੀ ਦੇਸ਼ ਭਰ ਵਿੱਚ ਆਪਣੇ ਸ਼ਾਖਾ ਨੈੱਟਵਰਕ ਦਾ ਵਿਸਥਾਰ ਜਾਰੀ ਰੱਖਦਿਆਂ ਵੱਧ ਤੋਂ ਵੱਧ ਨਿਵੇਸ਼ਕਾਂ ਤੱਕ ਆਪਣੀਆਂ ਸੇਵਾਵਾਂ ਪਹੁੰਚਾਉਣ ਲਈ ਵਚਨਬੱਧ ਹੈ।

# ਸ਼੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬੰਗਾਂ (ਨਵਾਂਸ਼ਹਿਰ) ਵਿਖੇ ਸਜਾਇਆ ਜਾਵੇਗਾ ਵਿਸ਼ਾਲ ਧਾਰਮਿਕ ਤੇ ਸੱਭਿਆਚਾਰਕ ਸਮਾਗਮ : ਐਡਵੋਕੇਟ ਸੰਜੀਵ ਚੌਧਰੀ ਚੇਚੀ

**ਨਵਾਂਸ਼ਹਿਰ, 22 (ਜਤਿੰਦਰਪਾਲ ਸਿੰਘ ਕਲੇਰ) :** ਜਗਤ ਗੁਰੂ ਸ਼੍ਰੀ ਗੁਰੂ ਰਵਿਦ-ਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਪੁਰਬ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਬੜੀ ਸ਼ਰਧਾ, ਉਤਸ਼ਾਹ ਅਤੇ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਇਤਿਹਾਸਕ ਅਤੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਨਵਾਂਸ਼ਹਿਰ ਦੇ ਬੰਗਾਂ ਵਿਖੇ ਵਿਸ਼ਾਲ ਧਾਰਮਿਕ ਅਤੇ ਸੱਭਿਆਚਾਰਕ ਸਮਾਗਮ ਦੀ ਰੂਪ-ਰੇਖਾ ਉਲੀਕੀ ਗਈ ਹੈ। ਇਸ ਸਬੰਧੀ ਵਿਸਤ੍ਰਿਤ ਜਾਣਕਾਰੀ ਸਾਂਝੀ ਕਰਦਿਆਂ ਸੀਨੀਅਰ 'ਆਪ' ਆਗੂ ਐਡਵੋਕੇਟ ਸੰਜੀਵ ਚੌਧਰੀ ਚੇਚੀ ਨੇ ਦੱਸਿਆ ਕਿ ਬੰਗਾਂ ਵਿਖੇ ਇਹ ਸਮਾਗਮ 24 ਜੁਲਾਈ ਨੂੰ ਕਰਵਾਇਆ ਜਾਵੇਗਾ। ਸਮਾਗਮਾਂ ਨੂੰ ਲੈ ਕੇ ਇਲਾਕੇ ਦੀ



ਸੰਗਤ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ ਸੰਤ ਸਮਾਜ, ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਸ਼ਖ਼ਸੀਅਤਾਂ ਸਣੇ ਬੰਗਾਂ ਅਤੇ ਆਸ-ਪਾਸ ਦੇ ਇਲਾਕਿਆਂ ਦੀ ਸੰਗਤ ਵੱਧ-ਚੜ੍ਹ ਕੇ ਨਤਮਸਤਕ ਹੋਵੇਗੀ। ਸਮਾਗਮ ਵਿੱਚ ਪ੍ਰਦਰਸ਼ਨੀ, ਕੀਰਤਨ ਦਰਬਾਰ, ਸੰਤ ਸੰਮੇਲਨ, 3ਡੀ ਸ਼ੋਅ ਅਤੇ ਡਰੋਨ ਸ਼ੋਅ ਦਾ ਸ਼ਾਨਦਾਰ ਆਯੋਜਨ ਕੀਤਾ ਜਾਵੇਗਾ।

ਸਮਾਜ ਵਿੱਚ ਗੁਰੂ ਸਾਹਿਬ ਜੀ ਦੀ ਬਾਣੀ ਅਤੇ ਬਰਾਬਰੀ ਦੇ ਫਲਸਫੇ ਨੂੰ ਘਰ-ਘਰ ਪਹੁੰਚਾਉਣ ਲਈ ਵਿਸ਼ੇਸ਼ ਸੈਮੀਨਾਰ ਕਰਵਾਏ ਜਾਣਗੇ। ਇਸ ਤੋਂ ਇਲਾਵਾ ਸੰਗਤਾਂ ਨੂੰ ਗੁਰਬਾਣੀ ਦੇ ਰਸ ਭਿੰਨੇ ਕੀਰਤਨ ਨਾਲ ਜੋੜਨ ਲਈ ਵਿਸ਼ੇਸ਼ ਕੀਰਤਨ ਦਰਬਾਰ ਵੀ ਸਜਾਏ ਜਾਣਗੇ। ਐਡਵੋਕੇਟ ਸੰਜੀਵ ਚੌਧਰੀ ਚੇਚੀ ਵੱਲੋਂ ਬੰਗਾਂ ਅਤੇ ਸਮੁੱਚੇ ਇਲਾਕੇ ਦੀ ਸੰਗਤ ਨੂੰ ਨਿਮ-ਰਤਾ ਸਹਿਤ ਸੱਦਾ ਦਿੱਤਾ ਗਿਆ ਹੈ ਕਿ ਉਹ ਵੱਡੀ ਗਿਣਤੀ ਵਿੱਚ ਇਨ੍ਹਾਂ ਧਾਰਮਿਕ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਗੁਰੂ ਮਹਾਰਾਜ ਦਾ ਆਸ਼ੀਰਵਾਦ ਪ੍ਰਾਪਤ ਕਰਨ।

# ਪੰਜਾਬ ਸਰਕਾਰ ਦਾ ਯੁੱਧ ਨਸ਼ਿਆਂ ਵਿਰੁੱਧ ਇੱਕ ਡਰਾਮਾ : ਆਸਾ ਸਿੰਘ ਆਜ਼ਾਦ

## ਲੋਕ ਆਪਣੇ ਨੌਜਵਾਨ ਬੱਚਿਆਂ ਨੂੰ ਲੈ ਕੇ ਚਿੰਤਤ

**ਲਾਡੋਵਾਲ 21 ਜੁਲਾਈ (ਕਰਨੈਲ ਸਿੰਘ ਐੱਮ.ਏ)–** ਪੁਲਸ ਥਾਣਾ ਲਾਡੋਵਾਲ ਅਧੀਨ ਆਉਂਦੇ ਪਿੰਡ ਤਲਵੰਡੀ ਕਲਾਂ ਦੇ ਪੰਜਢੇਰਾ ਵਿਖੇ ਪੰਜਾਬ ਸਰਕਾਰ ਦਾ ਯੁੱਧ ਨਸ਼ਿਆਂ ਵਿਰੁੱਧ ਬਿਲਕੁਲ ਫੇਲ ਸਾਬਤ ਹੋਇਆ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਦੇ ਪ੍ਰਧਾਨ ਆਸਾ ਸਿੰਘ ਆਜ਼ਾਦ ਨੇ ਕੀਤਾ । ਉਨ੍ਹਾਂ ਕਿਹਾ ਕਿ ਪਿੰਡ ਪੰਜਢੇਰਾ ਨੂੰ ਚਿੱਟੇ ਦੀ ਮੰਡੀ ਕਹਿ ਲਿਆ ਜਾਵੇ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ, ਜਿੱਥੇ ਰੋਜ਼ਾਨਾ ਲੱਖਾ ਕਰੋੜਾਂ ਰੁਪਏ ਦੀ ਸਪਲਾਈ, ਤੇ ਪਰਚੂਨ ਵਿੱਚ ਚਿੱਟੇ ਦੀ ਵਿਕਰੀ ਹੁੰਦੀ ਹੈ । ਜਿਸ ਨਾਲ ਹੁਣ ਤੱਕ ਹਜ਼ਾਰਾਂ ਨੌਜਵਾਨਾਂ ਦੀ ਜਾਨ ਜਾ ਚੁੱਕੀ ਹੈ ਅਤੇ ਲੱਗਦਾ ਹੈ ਕਿ ਇੱਥੇ ਪ੍ਰਸ਼ਾਸਨ ਬੇ-ਵੱਸ ਹੈ ਜਿਸਨੂੰ ਇਹ ਸਭ ਕੁਝ ਦਿਖਾਈ ਨਹੀਂ ਦੇ ਰਿਹਾ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀ ਨਿਹੰਗ ਸਿੰਘਾਂ ਨੇ ਵੀ ਇਨ੍ਹਾਂ ਚਿੱਟੇ ਵਾਲਿਆਂ ਖ਼ਿਲਾਫ਼ ਹੱਲਾ ਬੋਲਿਆ ਸੀ ਅਤੇ ਸਿੰਘਾਂ ਨੇ ਚਿੱਟੇ ਵਾਲਿਆਂ ਨੂੰ ਚਿਤਾਵਨੀ ਵੀ ਦਿੱਤੀ ਸੀ, ਜਿਸਨੂੰ ਦੇਖਦੇ ਹੋਈ ਉਸ ਵੇਲੇ ਪੁਲਸ ਹਰਕਤ ਵਿੱਚ ਆਈ ਸੀ ਪਰ ਕੁਝ ਸਮੇਂ ਬਾਅਦ ਫਿਰ ਉਸੇ ਤਰ੍ਹਾਂ ਲੋਕਾਂ ਦੀਆਂ ਢਾਣੀਆਂ ਲੱਗਣੀਆਂ ਸ਼ੁਰੀਆਂ ਹੋ ਗਈਆਂ। ਪ੍ਰਾਪਤ ਜਾਣਕਾਰੀ ਅਨੁਸਾਰ ਇਥੋਂ ਦੇ ਜ਼ਿਆਦਾ ਗਾਹਕ ਲੁਧਿਆਣਾ ਤੋਂ ਇਲਾਵਾ ਫਿਲੌਰ, ਗੋਰਾਇਆ ਅਤੇ ਨਵਾਂ ਸ਼ਹਿਰ ਰੋਡ ਦੇ ਪਿੰਡਾਂ ਵਾਲੇ ਹਨ ਜੋ ਰੋਜ਼ਾਨਾ ਇੱਥੇ ਸਪਲਾਈ ਅਤੇ ਨਸ਼ਾ ਲੈਣ ਆਉਂਦੇ ਹਨ, ਜਿਨ੍ਹਾਂ



ਦੀ ਗਿਣਤੀ ਹਜ਼ਾਰਾਂ ਵਿੱਚ ਪਹੁੰਚ ਜਾਂਦੀ ਹੈ । ਪ੍ਰਸ਼ਾਸਨ ਵੱਲੋਂ ਲਗਾਏ ਗਏ ਇਸ ਪਿੰਡ ਵਿੱਚ ਕੈਮਰੇ ਪਤਾ ਨਹੀਂ ਕਿਹੜੀ ਸਾਜਿਸ਼ ਅਧੀਨ ਬੰਦ ਹੋ ਗਏ ਹਨ। ਪ੍ਰਧਾਨ ਆਸਾ ਸਿੰਘ ਆਜ਼ਾਦ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਇੰਨੇ ਵੱਡੇ ਪੱਧਰ 'ਤੇ ਵਿੱਕ ਰਹੇ ਚਿੱਟਾ ਵੇਚਣ ਵਾਲੇ ਪਿੰਡ ਵੱਲ ਲੁਧਿਆਣਾ ਫਿਲੌਰ, ਪ੍ਰਸ਼ਾਸਨ ਦਾ ਕੋਈ ਧਿਆਨ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸ ਦੀ ਸ਼ੈ ਤੇ ਹੋ ਰਿਹਾ ਹੈ ਮੌਤ ਦਾ ਧੰਦਾ । ਉਨ੍ਹਾਂ ਕਿਹਾ ਕਿ ਇਸ ਗੱਲ ਪ੍ਰਸ਼ਾਸਨ ਧਿਆਨ ਦੇਵੇ ਕਿ ਇਨ੍ਹਾਂ ਦਾ ਨੈਟਵਰਕ ਕਾਫੀ ਵੱਡਾ ਹੈ ਜਿਹਨਾਂ ਦੇ ਮੁਖਬਰ ਜਗ੍ਹਾ-ਜਗ੍ਹਾ 'ਤੇ ਤੈਨਾਤ ਹਨ ਅਤੇ ਪੁਲਸ ਤੋਂ ਪਹਿਲਾਂ ਚਿੱਟੇ ਵਾਲਿਆਂ ਨੂੰ ਪਤਾ ਲੱਗ ਜਾਂਦਾ ਹੈ ਕਿ,ਜਿਸ ਵੇਲੇ ਪੁਲਸ ਵੱਲੋਂ ਕਾਰਵਾਈ ਕੀਤੀ ਜਾਣੀ ਹੈ ਅਤੇ ਇੰਨੇ ਸਮੇਂ ਵਿੱਚ ਇਹ ਲੋਕ ਸਾਫ਼-ਸੁਥਰੇ ਬਣ ਕੇ ਬੈਠ ਜਾਂਦੇ ਹਨ। ਇੱਥੇ ਜ਼ਿਆਦਾਤਰ ਔਰਤਾਂ ਜ਼ਿਆਦਾ ਚਿੱਟੇ ਦਾ ਧੰਦਾ ਕਰਦੀਆਂ ਹਨ। ਪ੍ਰਧਾਨ ਅਜ਼ਾਦ ਨੇ ਕਿਹਾ ਕਿ ਲੱਗਦਾ ਹੈ ਕਿ ਪੰਜਾਬ ਸਰਕਾਰ ਦਾ ਯੁੱਧ ਨਸ਼ਿਆਂ ਵਿਰੁੱਧ ਇਕ ਡਰਾਮਾ ਹੈ ਕਿਉਂਕਿ ਪਿੰਡ ਪੰਜਢੇਰਾ 'ਚ ਇੱਥੇ ਕੋਈ ਗੱਲ ਦੇਖਣ ਨੂੰ ਨਹੀਂ ਮਿਲੀ ਬੱਸ ਆਲੇ ਦੁਆਲੇ ਦੀਆਂ ਖ਼ਬਰਾਂ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ 'ਕਿ ਫਲਾਣੇ ਪਿੰਡ ਪੰਜਾਬ ਸਰਕਾਰ ਦਾ ਬਲਡੋਜ਼ਰ ਚਲਿਆ ਹੈ ਪਰ ਇਸ ਪਿੰਡ 'ਚ ਕੁਝ ਵੀ ਵੇਖਣ ਨੂੰ ਨਹੀ ਮਿਲਿਆ ਹੈ। ਪਿੰਡ ਤਲਵੰਡੀ ਕਲਾਂ ਦੇ ਲੋਕ ਆਪਣੇ ਨੌਜਵਾਨ ਬੱਚਿਆਂ ਨੂੰ ਲੈ ਕੇ ਕਾਫੀ ਚਿੰਤਤ ਹਨ। ਉਨ੍ਹਾਂ ਕਿਹਾ ਕਿ ਤਜਦੀਕ ਪਿੰਡ ਕਪੂਰ ਸਿੰਘ ਵਾਲਾ ਪੱਤੀ ਛੋਅਲੇ ਵਿਖੇ ਬੀਤੇ ਦਿਨ ਦੋ ਨੌਜਵਾਨਾਂ ਦੀ ਹੋਈ ਮੌਤ ਇੱਕ ਚਿੰਤਾ ਦਾ ਵਿਸ਼ਾ ਹੈ,ਜਿਸ ਦੀ ਜਾਂਚ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਨੂੰ ਆਪਣੀਆਂ ਲੜਕੀਆਂ ਦੀ ਨਹੀ ਆਪਣੇ ਲੜਕਿਆਂ ਦੀ ਰਾਖੀ ਕਰਨੀ ਪੈ ਰਹੀ ਹੈ। ਇਸ ਮੌਕੇ ਚੇਤ ਰਾਮ ਰਤਨ ਕੌਮੀ ਡਿਪਟੀ ਚੀਫ ਪੈਟਨਰ, ਵਿਸ਼ਾਲ ਸ਼ਰਮਾ ਹਿਮਾਚਲ ਪ੍ਰਦੇਸ਼ ਪ੍ਰਧਾਨ, ਐਡਵੋਕੇਟ ਬਿਕਰਮਜੀਤ ਸਿੰਘ ਸ਼ਰਮਾ, ਗੁਰਪ੍ਰੀਤ ਸਿੰਘ, ਡਾ: ਦੀਪਕ ਪਾਂਡੇ ਹੈਲਥ ਵਿੰਗ ਆਦਿ ਹਾਜਰ ਸਨ।

**ਕੀ ਕਹਿਣਾ ਹੈ ਐੱਸ.ਐੱਚ.ਓ. ਲਾਡੋਵਾਲ ਦਾ**

ਪੁਲਸ ਥਾਣਾ ਲਾਡੋਵਾਲ ਦੇ ਮੁਖੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਨਸ਼ਾ ਤਸਕਰਾਂ ਤੇ ਸਾਡੀ ਪੂਰੀ ਨਜ਼ਰ ਹੈ ਅਤੇ ਪਿਛਲੇ ਦਿਨੀ ਅਸੀਂ ਪਿੰਡ ਬੋਕੜ ਡੋਗਰਾ ਵਿਖੇ ਦੇਸੀ ਸ਼ਰਾਬ ਕੱਢਣ ਵਾਲਿਆਂ ਖ਼ਿਲਾਫ਼ ਕਾਰਵਾਈ ਕੀਤੀ ਗਈ ਸੀ ਅਤੇ ਇਸੇ ਤਰ੍ਹਾਂ ਹੀ ਸਾਡੇ ਵੱਲੋਂ ਪਿੰਡ ਪੰਜਢੇਰਾ ਤਲਵੰਡੀ ਵਿਖੇ ਚਿੱਟੇ ਵਾਲਿਆਂ ਖ਼ਿਲਾਫ਼ ਪਰਚੇ ਦਰਜ ਕੀਤੇ ਗਏ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰ੍ਹਾਂ ਹੀ ਚਿੱਟੇ ਦੇ ਤਸਕਰਾਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਪ੍ਰਵਾਸੀ ਭਾਰਤੀਆਂ ਵਲੋਂ ਸਤਪਾਲ ਖੜਿਆਲ ਦੀ ਨਿਯੁਕਤੀ ਦਾ ਸਵਾਗਤ

**ਦੇਸ਼ ਵਿਦੇਸ਼ ਦੇ ਕਬੱਡੀ ਪ੍ਰਬੰਧਕਾ ਨੇ ਕੀਤਾ ਖੁਸ਼ੀ ਦਾ ਪ੍ਰਗਟਾਵਾ**



**ਦਿੜ੍ਹਬਾ ਮੰਡੀ, 21 ਜੁਲਾਈ (ਹਰਜਿੰਦਰ ਪਾਲ ਛਾਬੜਾ)** ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਕਬੱਡੀ ਦੇ ਅੰਤਰ ਰਾਸ਼ਟਰੀ ਕੁਮੈਂਟੇਟਰ ਖੇਡ ਲੇਖਕ ਸਤਪਾਲ ਸਿੰਘ ਮਾਹੀ ਖੜਿਆਲ ਨੂੰ ਪੰਜਾਬ ਸਰਕਾਰ ਵੱਲੋਂ ਐਡਵੋਕੇਟ ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਪੰਜਾਬ ਦੀ ਅਗਵਾਈ ਹੇਠ ਸਪੋਰਟਸ ਵੈਲਫੇਅਰ ਬੋਰਡ ਪੰਜਾਬ ਦੇ ਅੰਤਰਗਤ ਹਲਕਾ ਦਿੜ੍ਹਬਾ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ । ਜਿਸ ਨੂੰ ਲੈ ਕੇ ਪ੍ਰਵਾਸੀ ਭਾਰਤੀਆਂ ਖ਼ਾਸਕਰ ਕਬੱਡੀ ਜਗਤ ਵਿੱਚ ਖੁਸ਼ੀ ਦੀ ਲਹਿਰ ਹੈ । ਇਸ ਮੌਕੇ ਅਮਰੀਕਾ ਦੇ ਉੱਘੇ ਕਾਰੋਬਾਰੀ ਖੇਡ ਪ੍ਰਮੋਟਰ ਲਖਬੀਰ ਸਿੰਘ ਸਹੋਤਾ ਕਾਲਾ ਟਰੇਸੀ, ਸੁਰਿੰਦਰ ਸਿੰਘ ਜ਼ਿੰਦਾ , ਜੈਲਾ ਧੂੜਕੋਟ, ਮਨਦੀਪ ਸਿੰਘ ਢੱਡਰੀਆਂ, ਗੁਰਜੀਵ ਸਿੰਘ ਨੰਨੜ, ਅੰਮ੍ਰਿਤ ਚੀਮਾਂ ਠੱਠੀ ਭਾਈ , ਜੱਗਾ ਬੀਹਲਾ, ਰਾਜੂ ਨੰਗਲ, ਗੁਰਜੰਟ ਸਿੰਘ ਗਿੱਲ ਨੰਗਲ, ਭੋਲਾ ਸ਼ੇਰੋਂ, ਲੱਭੀ ਨੰਗਲ, ਗੁਰਜੀਤ ਮਾਂਗਟ, ਗੁਰਦੀਪ ਧਾਲੀਵਾਲ, ਸੁੱਖਾ ਨਿੱਜਰ ਕੈਨੇਡਾ, ਮੇਜਰ ਸਿੰਘ ਬਰਾੜ, ਜਥੇਦਾਰ ਜਲੰਧਰ ਸਿੰਘ ਸਿੱਧੂ , ਦਲਵੀਰ ਸਿੰਘ ਤੂਰ ਕੈਨੇਡਾ, ਸੇਵਾ ਸਿੰਘ ਰਾਣਾ, ਸੀਤਾ ਖਹਿਰਾ, ਹਰਮਨ ਚਾਹਲ , ਜਤਿੰਦਰ ਸਿੰਘ ਤੇਚੀ, ਸਿੰਦੂ ਸਵੱਦੀ, ਕੁਲਦੀਪ ਭਲਵਾਨ ਆਸਟ੍ਰੇਲੀਆ, ਮਨਦੀਪ ਖਾਂ ਸ਼ਕਤੀਮਾਨ ਆਸਟ੍ਰੇਲੀਆ, ਗੁਰਚਰਨ ਸਿੰਘ ਸੁਜਾਪੁਰ ਯੂ ਕੇ, ਜੱਗਾ ਚੱਕਰ ਯੂ ਕੇ, ਪਰਮਿੰਦਰ ਸਿੰਘ ਸੁਜਾਪੁਰ ਯੂ ਕੇ, ਗੀਤਾ ਬਾਜਵਾ ਯੂ ਕੇ, ਪਾਲਾ ਬਾਜਵਾ ਯੂ ਕੇ, ਨੇਕਾ ਮੈਰੀਪੁਰ ਯੂ ਕੇ, ਮਨਜਿੰਦਰ ਸਿੰਘ ਸਹੋਤਾ ਨਿਊਜ਼ੀਲੈਂਡ, ਜੱਸਾ ਨਿਊਜ਼ੀਲੈਂਡ, ਜੱਸੀ ਸ਼ੇਰਗਿੱਲ ਬੈਲਜੀਅਮ, ਚਮਕੌਰ ਸਿੰਘ ਘੁਮਾਣ ਯੂ ਕੇ, ਸ਼ੁਭਾਸ ਮਲੇਸ਼ੀਆ, ਹਰਦੀਪ ਸਿੰਘ ਜੱਚੀ ਰਾਣੀਪੁਰ ਮਲੇਸ਼ੀਆ, ਗੱਗੂ, ਪੰਮਾ, ਸੁੱਖਾ,ਅਨਮੋਲ ਘੱਗਾ ਮਲੇਸ਼ੀਆ ਸਮੇਤ ਵੱਖ-ਵੱਖ ਲੋਕਾਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ । ਉਹਨਾਂ ਦੱਸਿਆ ਕਿ ਸਤਪਾਲ ਖੜਿਆਲ ਨੇ ਹਮੇਸ਼ਾ ਹੀ ਖੇਡਾਂ ਦੇ ਖੇਤਰ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ ।






# ਨਸ਼ਾ ਤਸਕਰੀ ਦੇ ਅੰਤਰ ਰਾਸ਼ਟਰੀ ਗਿਰੋਹ ਦੇ ਮੈਂਬਰ 6 ਕਿਲੋ 577 ਗ੍ਰਾਮ ਅਫੀਮ ਸਮੇਤ ਕਾਬੂ

**ਨਵਾਂਸ਼ਹਿਰ 21 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਤੁਸ਼ਾਰ ਗੁਪਤਾ ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ ਸ਼ਹੀਦ ਭਗਤ ਸਿੰਘ ਨਗਰ ਦੀਆਂ ਹਦਾਇਤਾਂ ਮੁਤਾਬਿਕ, ਸਰਬਜੀਤ ਸਿੰਘ ਬਾਹੀਆ ਪੀ.ਪੀ.ਐਸ. ਕਪਤਾਨ ਪੁਲਿਸ ਜਾਂਚ ਅਤੇ ਜਤਿੰਦਰ ਚੌਹਾਨ ਪੀ.ਪੀ.ਐਸ. ਉਪ ਕਪਤਾਨ ਪੁਲਿਸ ਜਾਂਚ ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਪੁਲਿਸ ਵੱਲੋਂ ਨਸ਼ਾ ਸਮੱਗਲਰਾਂ ਅਤੇ ਮਾੜੇ ਅਨਸਰਾਂ ਖ਼ਿਲਾਫ਼ ਚਲਾਈ ਗਈ ਵਿਸ਼ੇਸ਼ ਮੁਹਿੰਮ ਨੂੰ ਜਾਰੀ ਰੱਖਦਿਆਂ ਸੀ ਆਈ ਏ ਇੰਸਪੈਕਟਰ ਨੀਰਜ ਚੋਧਰੀ ਦੀ ਯੋਗ ਅਗਵਾਈ ਵਿੱਚ ਅੰਤਰਰਾਸ਼ਟਰੀ ਨਸ਼ਾ ਤਸਕਰੀ ਗਿਰੋਹ ਦੇ 4 ਮੈਂਬਰਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ ਕੁੱਲ 6 ਕਿਲੋ 577 ਗ੍ਰਾਮ ਅਫੀਮ ਬਰਾਮਦ ਕਰਨ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਗਈ ਹੈ।ਪਹਿਲਾ ਮਾਮਲੇ ਵਿੱਚ ਏ.ਐਸ.ਆਈ. ਨਿਰਮਲ ਸਿੰਘ ਸੀ.ਆਈ.ਏ. ਸਟਾਫ ਨਵਾਂਸ਼ਹਿਰ ਵੱਲੋਂ ਸਿਮਰਨਜੀਤ ਸਿੰਘ ਉਰਫ ਹੈਪੀ ਪੁੱਤਰ ਹਰਭਜਨ ਸਿੰਘ ਵਾਸੀ ਦੁਧਾਲਾ ਥਾਣਾ ਰਾਹੋਂ ਅਤੇ ਮਨਪ੍ਰੀਤ ਸਿੰਘ ਉਰਫ ਮੰਨਾ ਪੁੱਤਰ ਕੁਲਵਿੰਦਰ ਸਿੰਘ ਵਾਸੀ ਮੋਰਾਂਵਾਲੀ ਥਾਣਾ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਖ਼ਿਲਾਫ਼ ਮੁਕੱਦਮਾ ਥਾਣਾ ਔੜ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਦਰਜ ਕੀਤਾ ਗਿਆ।



ਪੁੱਛਗਿਛ ਦੌਰਾਨ ਦੋਸ਼ੀਆਂ ਨੇ ਮੰਨਿਆ ਕਿ ਉਹ ਆਪਣੀ ਸਨੈਪਚੈਟ ਆਈ.ਡੀ. ਰਾਹੀਂ ਬਣੇ ਦੋਸਤ ਦੀਸ਼ਾਤ ਠਾਕੁਰ ਉਰਫ ਦੀ (ਜੋ ਵਿਦੇਸ਼ ਅਮਰੀਕਾ ਵਿੱਚ ਰਹਿੰਦਾ ਹੈ) ਦੇ ਕਹਿਣ 'ਤੇ ਉਸ ਵੱਲੋਂ ਭੇਜੀ ਹੋਈ ਅਫੀਮ ਪਾਰਸਲ ਰਾਹੀਂ ਵਿਦੇਸ਼ ਅਮਰੀਕਾ ਅਤੇ ਕੈਨੇਡਾ ਵਿੱਚ ਭੇਜੇ ਗਏ ਪਤੇ 'ਤੇ ਕੋਰੀਅਰ ਕਰਦੇ ਸਨ। ਪੁੱਛਗਿਛ ਦੇ ਆਧਾਰ 'ਤੇ ਕਸਟਮ ਆਫਿਸ ਦਿੱਲੀ ਤੋਂ ਇਨ੍ਹਾਂ ਵੱਲੋਂ ਭੇਜੇ ਪੰਜ ਪਾਰਸਲਾਂ ਵਿੱਚੋਂ ਕੁੱਲ 03 ਕਿਲੋ 577 ਗ੍ਰਾਮ ਅਫੀਮ ਬਰਾਮਦ ਕੀਤੀ ਗਈ। ਇਸ ਮਾਮਲੇ ਵਿੱਚ ਮੁਕੱਦਮੇ ਵਿੱਚ ਧਾਰਾ 18 ਐਨਡੀਪੀਐਸ ਐਕਟ ਦਾ ਵਾਧਾ ਕੀਤਾ ਗਿਆ ਅਤੇ ਅਫੀਮ ਪਹੁੰਚਾਉਣ ਵਾਲੇ ਸੰਜੇ ਠਾਕੁਰ ਪੁੱਤਰ ਰਣਜੀਤ ਸਿੰਘ ਵਾਸੀ ਜਹਾਨਖੇਲਾ ਥਾਣਾ ਸਦਰ ਹੁਸ਼ਿਆਰਪੁਰ ਨੂੰ ਮੁਕੱਦਮੇ ਵਿੱਚ ਦੋਸ਼ੀ ਵਜੋਂ ਨਾਮਜ਼ਦ ਕੀਤਾ ਗਿਆ। ਪੁਲਿਸ ਨੇ ਸਿਮਰਨਜੀਤ ਸਿੰਘ ਉਰਫ ਹੈਪੀ ਪੁੱਤਰ ਹਰਭਜਨ ਸਿੰਘ ਵਾਸੀ ਦੁਧਾਲਾ ਥਾਣਾ ਰਾਹੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਮਨਪ੍ਰੀਤ ਸਿੰਘ ਉਰਫ ਮੰਨਾ ਪੁੱਤਰ ਕੁਲਵਿੰਦਰ ਸਿੰਘ ਵਾਸੀ ਮੋਰਾਂਵਾਲੀ ਥਾਣਾ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਦਕਿ ਸੰਜੇ ਠਾਕੁਰ ਪੁੱਤਰ ਰਣਜੀਤ ਸਿੰਘ ਵਾਸੀ ਜਹਾਨਖੇਲਾ ਥਾਣਾ ਸਦਰ ਹੁਸ਼ਿਆਰਪੁਰ ਦੀ ਗ੍ਰਿਫ਼ਤਾਰੀ ਬਾਕੀ ਹੈ ਤੇ ਕੁੱਲ ਬਰਾਮਦਗੀ 25.05 ਗ੍ਰਾਮ ਹੈਰੋਇਨ, 3 ਕਿਲੋ 577 ਗ੍ਰਾਮ ਅਫੀਮ, ਅਤੇ ਸਕੂਟਰੀ ਮਾਰਕਾ ਐਕਟਿਵਾ ਨੰਬਰ ਪੀਬੀ 24 ਡੀ 3093 ਹੈ। ਦੂਜੇ ਮਾਮਲੇ ਵਿੱਚ ਏ.ਐਸ.ਆਈ. ਅਮਰੀਕ ਸਿੰਘ ਸੀ.ਆਈ.ਏ. ਸਟਾਫ ਨਵਾਂਸ਼ਹਿਰ ਸਮੇਤ ਸਾਥੀ ਕਰਮਚਾਰੀਆਂ ਨੇ ਸੰਜੇ ਠਾਕੁਰ ਪੁੱਤਰ ਰਣਜੀਤ ਸਿੰਘ ਵਾਸੀ ਜਹਾਨਖੇਲਾ ਥਾਣਾ ਸਦਰ ਹੁਸ਼ਿਆਰਪੁਰ ਅਤੇ ਗੁਰਮਿੰਦਰ ਸਿੰਘ ਉਰਫ ਗੁਰੀ ਪੁੱਤਰ ਬਚਿੱਤਰ ਸਿੰਘ ਵਾਸੀ ਜੰਡੋਰ ਥਾਣਾ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਕਾਬੂ ਕੀਤਾ। ਇਨ੍ਹਾਂ ਦੇ ਕਬਜ਼ੇ ਵਿੱਚੋਂ 03 ਕਿਲੋਗ੍ਰਾਮ ਅਫੀਮ ਬਰਾਮਦ ਕਰਕੇ ਐਨਡੀਪੀਐਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ। ਪੁੱਛਗਿਛ ਦੌਰਾਨ ਦੋਸ਼ੀ ਸੰਜੇ ਠਾਕੁਰ ਨੇ ਮੰਨਿਆ ਕਿ ਉਹ ਆਪਣੇ ਰਿਸ਼ਤੇ ਵਿੱਚ ਲੱਗਦੇ ਭੂਆ ਦੇ ਲੜਕੇ ਦੀਸ਼ਾਤ ਠਾਕੁਰ ਉਰਫ ਦੀ (ਪੁੱਤਰ ਕੁਲਵੀਰ, ਵਾਸੀ ਪਿੰਡ ਭਾਣੋਵਾਲ ਥਾਣਾ ਗੜ੍ਹਦੀਵਾਲ ਜ਼ਿਲ੍ਹਾ ਹੁਸ਼ਿਆਰਪੁਰ, ਹਾਲ ਨਿਵਾਸੀ ਅਮਰੀਕਾ) ਦੇ ਕਹਿਣ 'ਤੇ ਨਵਾਂਸ਼ਹਿਰ ਏਰੀਆ ਵਿੱਚ ਅਫੀਮ ਦੀ ਸਪਲਾਈ ਕਰਦਾ ਸੀ ਅਤੇ ਇੱਥੋਂ ਅਫੀਮ ਵਿਦੇਸ਼ ਵਿੱਚ ਕੋਰੀਅਰ ਕੀਤੀ ਜਾਂਦੀ ਸੀ। ਇਸ ਮਾਮਲੇ ਵਿੱਚ ਆਰੋਪੀ ਸੰਜੇ ਠਾਕੁਰ ਪੁੱਤਰ ਰਣਜੀਤ ਸਿੰਘ ਵਾਸੀ ਜਹਾਨਖੇਲਾ ਥਾਣਾ ਸਦਰ ਹੁਸ਼ਿਆਰਪੁਰ ਤੇ ਗੁਰਮਿੰਦਰ ਸਿੰਘ ਉਰਫ ਗੁਰੀ ਪੁੱਤਰ ਬਚਿੱਤਰ ਸਿੰਘ ਵਾਸੀ ਜੰਡੋਰ ਥਾਣਾ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ। ਕੁੱਲ ਬਰਾਮਦਗੀ: 03 ਕਿਲੋਗ੍ਰਾਮ ਅਫੀਮ ਸਮੇਤ ਮੋਟਰਸਾਈਕਲ ਮਾਰਕਾ ਸਪਲੈਂਡਰ ਬਿਨਾ ਨੰਬਰੀ ਹੈ। - ਦੋਸ਼ੀਆਂ ਦੇ ਖ਼ਿਲਾਫ਼ ਦਰਜ ਪਹਿਲੇ ਮੁਕੱਦਮੇ ਸਿਮਰਨਜੀਤ ਸਿੰਘ ਉਰਫ ਹੈਪੀ ਪੁੱਤਰ ਹਰਭਜਨ ਸਿੰਘ ਵਾਸੀ ਦੁਧਾਲਾ ਥਾਣਾ ਰਾਹੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਖ਼ਿਲਾਫ਼ ਪਹਿਲਾਂ ਵੀ ਅਸਲਾ ਐਕਟ ਥਾਣਾ ਬਲਾਚੌਰ ਵਿਖੇ ਮਾਮਲਾ ਦਰਜ ਹੈ।

# ਇਸ ਤਰ੍ਹਾਂ ਦੇ ਡਬਲ ਇੰਜਨ ਦੀ ਸਰਕਾਰ ਚਾਹੀਦੀ ਏ ਪੰਜਾਬੀਓ ਮਲਕੀਤ ਚੁੰਬਰ

**ਨਕੋਦਰ( ਚਰਨਜੀਤ ਸੱਲ੍ਹਾ )**ਨਕੋਦਰ ਵਿਖੇ ਦਰਬਾਰ ਬਾਪੂ ਲਾਲ ਬਾਦਸ਼ਾਹ ਜੀ ਦੇ ਮੇਲੇ ਤੇ 20 ਜੁਲਾਈ ਦਿਨ ਸੋਮਵਾਰ ਨੂੰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਾਹਿਬ ਆਏ ਆਪਣੇ ਭਾਸ਼ਣ ਵਿੱਚ ਕਿਹਾ ਕਿ ਪੰਜਾਬ ਅਤੇ ਹਰਿਆਣਾ ਦੋਨੋ ਭਰਾ ਨੇ ਪਰ ਹਰਿਆਣਾ ਦੇ ਬਾਰਡਰ ਤੇ ਕਿਸਾਨਾਂ ਨੂੰ ਰੋਕਣ ਦਾ ਮਤਲਬ ਕੀ ਹੈ ਇਹੋ ਜਿਹੇ ਡਬਲ ਇੰਜਨ ਸਰਕਾਰ ਦੀ ਲੋੜ ਹੈ ਪੰਜਾਬੀਓ ਉਹ ਤਾ ਦਿੱਲੀ ਜਾਂ ਰਹੇ ਸਨ ਪੰਜਾਬ ਦੇ ਕਿਸੇ ਬੀ ਜੇ ਪੀ ਆਗੂਆਂ ਦਾ ਕੋਈ ਬਿਆਨ ਨਹੀਂ ਆਇਆ ਜਿਹੜੇ ਡਬਲ ਇੰਜਨ ਦੀ ਸਰਕਾਰ ਬਣਾਉਣ ਦੀਆਂ ਗੱਲਾਂ ਕਰਦੇ ਹਨ ਦਿੱਲੀ ਦੇ ਜੰਤਰ ਮੰਤਰ ਤੇ ਦਿੱਲੀ ਅਤੇ ਸੈਂਟਰ ਸਰਕਾਰ ਦੀ ਡਬਲ ਇੰਜਨ ਸਰਕਾਰ ਦੀ ਕਰਤੂਤ ਦੇਖ ਲਓ ਜਿਸ ਨੇ ਬਿਨਾਂ ਨੰਬਰ ਪਲੇਟ ਵਾਲੀ



ਪੁਲਿਸ ਤੋਂ ਬੱਚਿਆਂ ਤੇ ਅੰਨਾ ਤਸ਼ੱਦਦ ਕਰਾਇਆ ਕੀ ਇਹੋ ਜਿਹੀ ਸਰਕਾਰ ਚਾਹੀਦੀ ਬਿਲਕੁਲ ਨਹੀਂ ਚਾਹੀਦੀ ਤਾਨਾਸ਼ਾਹੀ ਸਰਕਾਰ ਸਾਡਾ ਦੇਸ਼ ਲੋਕਤੰਤਰ ਨਾਲ ਚਲਦਾ ਏ ਲੋਕਤੰਤਰ ਹੀ ਚਾਹੀਦਾ ਜੋ ਬੀ ਜੇ ਪੀ ਦੀ ਸਰਕਾਰ ਵਿਚ ਕਿਤੇ ਨਜ਼ਰ ਨਹੀਂ ਆਉਂਦਾ।

# ਆਲ ਲੁਧਿਆਣਾ ਸਕੂਟਰ ਬਾਜ਼ਾਰ ਐਸੋਸੀਏਸ਼ਨ ਵੱਲੋਂ ਆਰਸੀ ਟ੍ਰਾਂਸਫਰ ਲਈ ਨਵੇਂ ਨਿਯਮਾਂ ਵਿੱਚ ਸੁਧਾਰ ਦੀ ਮੰਗ

**ਲੁਧਿਆਣਾ 21 ਜੁਲਾਈ (ਕਰਨੈਲ ਸਿੰਘ ਐੱਮ.ਏ.)** ਆਲ ਲੁਧਿਆਣਾ ਸਕੂਟਰ ਬਾਜ਼ਾਰ ਐਸੋਸੀਏਸ਼ਨ ਨੇ ਆਰਸੀ ਟ੍ਰਾਂਸਫਰ ਲਈ ਨਵੇਂ ਨਿਯਮਾਂ ਵਿੱਚ ਸੁਧਾਰਾਂ ਸੰਬੰਧੀ ਮਾਡਲ ਟਾਊਨ ਦੇ ਮਾਡਲ ਟਾਊਨ ਕਲੱਬ ਵਿਖੇ ਇੱਕ ਪ੍ਰੈਸ ਕਾਨਫਰੰਸ ਕੀਤੀ। ਮੀਟਿੰਗ ਵਿੱਚ, ਪ੍ਰਧਾਨ ਦੀਪਕ ਅਰੋੜਾ ਨੇ ਜਨਤਾ, ਵਾਹਨ ਮਾਲਕਾਂ ਅਤੇ ਆਟੋਮੋਬਾਈਲ ਡੀਲਰਾਂ ਨੂੰ ਦੱਸਿਆ ਕਿ ਨਵੀਂ ਆਰਸੀ ਟ੍ਰਾਂਸਫਰ ਪ੍ਰਕਿਰਿਆ ਨੇ ਭਾਰਤ ਸਰਕਾਰ, ਸੁਪਰੀਮ ਕੋਰਟ ਅਤੇ ਟਰਾਂਸਪੋਰਟ ਵਿਭਾਗ ਦਾ ਧਿਆਨ ਆਮ ਜਨਤਾ, ਵਾਹਨ ਮਾਲਕਾਂ ਅਤੇ ਆਟੋਮੋਬਾਈਲ ਡੀਲਰਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਆਰਸੀ ਟ੍ਰਾਂਸਫਰ ਦੌਰਾਨ ਈ-ਕੇਵਾਈਸੀ ਦੀ ਲਾਜ਼ਮੀ ਜ਼ਰੂਰਤ ਨੂੰ ਖਤਮ ਕਰਕੇ ਮੋਬਾਈਲ ਓਟੀਪੀ ਵੈਰੀਫਿਕੇਸ਼ਨ ਜਾਂ ਹੋਰ ਵਿਕ-ਲਪਿਕ ਤਰੀਕਿਆਂ ਨਾਲ ਬਦਲਿਆ ਜਾਣਾ ਚਾਹੀਦਾ ਹੈ, ਤਾਂ ਜੋ ਵਾਹਨ ਮਾਲਕਾਂ ਅਤੇ ਡੀਲਰਾਂ ਨੂੰ ਬੇਲੋੜੀਆਂ ਮੁਸ਼ਕਲਾਂ ਦਾ ਸਾਹ-ਮਣਾ ਨਾ ਕਰਨਾ ਪਵੇ।

ਆਰਸੀ ਸੋਧ ਪ੍ਰਕਿਰਿਆ ਨੂੰ ਸਰਲ ਅਤੇ ਤੇਜ਼ ਕੀਤਾ ਜਾਣਾ ਚਾਹੀਦਾ ਹੈ, ਜਿਸ ਨਾਲ ਨਾਮ, ਪਤਾ ਜਾਂ ਹੋਰ ਗ਼ਲਤੀਆਂ ਵਿੱਚ



ਆਸਾਨੀ ਨਾਲ ਸੁਧਾਰ ਕੀਤਾ ਜਾ ਸਕੇ। ਇਸ ਤੋਂ ਇਲਾਵਾ, ਆਰਸੀ ਸੋਧ ਤੋਂ ਬਿਨਾਂ ਐਚਐਸਆਰਪੀ ਨੰਬਰ ਪਲੇਟਾਂ ਲਈ ਬਿਨਾਂ ਅਰਜ਼ੀ ਦੇਣ ਦੀ ਸਹੂਲਤ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ ਅਤੇ ਡੀਲਰਾਂ ਨੂੰ ਜ਼ਰੂਰੀ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ ਤਾਂ ਜੋ ਉਹ ਗਾਹਕਾਂ ਦੇ ਆਰਸੀ ਨਾਲ ਸੰਬੰਧਿਤ ਚਲਾਨ, ਬਲੈਕਲਿਸਟ ਸਟੇਟਸ, ਐਨਓਸੀ ਅਤੇ ਹੋਰ ਜ਼ਰੂਰੀ ਸੇਵਾਵਾਂ ਨੂੰ ਨਿਯਮਾਂ ਅਨੁਸਾਰ ਆਸਾਨੀ ਨਾਲ ਸੰਭਾਲ ਸਕਣ ਅਤੇ ਬੇਲੋੜੀਆਂ ਰੁਕਾਵਟਾਂ ਨੂੰ ਦੂਰ ਕੀਤਾ ਜਾ ਸਕੇ।ਅਤੇ ਆਰਸੀ ਟ੍ਰਾਂਸਫਰ, ਹਾਈਪੋਥੀਕੇਸ਼ਨ (ਐਚਪੀ) ਰੱਦ ਕਰਨ ਅਤੇ ਐਚਪੀ ਐਂਟਰੀ/ਮੋਡ ਨਾਲ ਸੰਬੰਧਿਤ ਪ੍ਰਕਿਰਿਆ ਨੂੰ ਸਰਲ ਬਣਾਇਆ ਜਾਣਾ ਚਾਹੀਦਾ ਹੈ। ਸਾਰੀਆਂ ਸੇਵਾਵਾਂ ਲਈ ਫੀਸਾਂ ਅਤੇ ਰਸੀਦਾਂ ਇੱਕੋ ਵਾਰ ਜਾਰੀ ਕਰਨ ਲਈ ਇੱਕ ਪ੍ਰਣਾਲੀ ਬਣਾਈ ਜਾਣੀ ਚਾਹੀਦੀ ਹੈ, ਤਾਂ ਜੋ ਬੇਲੋੜੀਆਂ ਪੇਚੀਦਗੀਆਂ, ਸਮੇਂ ਦੀ ਬਰਬਾਦੀ ਅਤੇ ਵਾਧੂ ਵਿੱਤੀ ਬੋਝ ਤੋਂ ਬਚਿਆ ਜਾ ਸਕੇ।

ਆਲ ਲੁਧਿਆਣਾ ਸਕੂਟਰ ਮਾਰਕੀਟ ਐਸੋਸੀਏਸ਼ਨ ਨੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਉਪਰੋਕਤ ਮੰਗਾਂ 'ਤੇ ਜਲਦੀ ਹੀ ਸਕਾਰਾਤਮਕ ਫੈਸਲਾ ਲੈਣ ਦੀ ਬੇਨਤੀ ਕੀਤੀ ਹੈ, ਤਾਂ ਜੋ ਆਮ ਜਨਤਾ, ਵਾਹਨ ਮਾਲਕਾਂ ਅਤੇ ਆਟੋਮੋਬਾਈਲ ਕਾਰੋਬਾਰ ਨਾਲ ਜੁੜੇ ਹਜ਼ਾਰਾਂ ਲੋਕਾਂ ਨੂੰ ਰਾਹਤ ਮਿਲ ਸਕੇ। ਐਸੋਸੀਏਸ਼ਨ ਨੇ ਇਹ ਵੀ ਕਿਹਾ ਕਿ ਸਰਕਾਰ ਅਤੇ ਆਟੋਮੋਬਾਈਲ ਡੀਲਰਾਂ ਵਿਚਕਾਰ ਬਿਹਤਰ ਤਾਲਮੇਲ ਰਾਹੀਂ ਹੀ ਇੱਕ ਸਧਾਰਨ, ਪਾਰਦਰਸ਼ੀ ਅਤੇ ਜਨਤਾ-ਅਨੁਕੂਲ ਪ੍ਰਣਾਲੀ ਵਿਕਸਤ ਕੀਤੀ ਜਾ ਸਕਦੀ ਹੈ। ਇਸ ਮੌਕੇ ਸੁਰਜੀਤ ਸਿੰਘ ਬਾਘਾ ਪੁਰਾਣਾ, ਬੰਟੀ ਜੀ ਬਰਨਾਲਾ, ਦੀਪਕ ਬਠਿੰਡਾ, ਸੁਰੇਸ਼ ਮਿੱਤਲ, ਦਲਜੀਤ ਵਿਰਕ ਮੰਡੀ ਗੋਬਿੰਦਗੜ੍ਹ, ਜਸਕੀਨ ਖਾਂ ਮੋਗਾ, ਅਮਰਜੀਤ ਸਿੰਘ ਅਬੋਹਰ, ਜੋਧਾ ਸਿੰਘ, ਪੰਕਜ ਵਿੱਗ ਦਸਮੇਸ਼ ਸਕੂਟਰ ਬਨੂੜ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਜ਼ਿੰਦਗੀ ਲਾਈਵ ਪ੍ਰੋਗਰਾਮ ਦੇ ਗਾਇਕਾਂ ਦੀ ਪੂਰੇ ਸ਼ਹਿਰ 'ਚ ਚਰਚਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** 9ਵਾਂ ਸਾਲਾਨਾ ਸੰਗੀਤਕ ਇਕੱਠ ਲੁਧਿਆਣਾ ਦੇ ਉੱਘੇ ਕਲਾਕਾਰਾਂ ਦੇ ਇੱਕ ਸਮੂਹ ਦੁਆਰਾ ਸਥਾਨਕ ਲੋਧੀ ਕਲੱਬ ਵਿਖੇ ਆਯੋਜਿਤ ਕੀਤਾ ਗਿਆ ਸੀ, ਜਿਸਦੀ ਅਗਵਾਈ ਸਪਨਾ ਗੁਪਤਾ, ਦੀਪਿਕਾ ਚਾਵਲਾ ਅਤੇ ਹਰੀਸ਼ ਚਾਵਲਾ, ਜ਼ਿੰਦਗੀ ਲਾਈਵ ਸੰਸਥਾ ਦੇ ਪ੍ਰਧਾਨ, ਨੇ ਕੀਤੀ ਸੀ। ਦੀਪਿਕਾ ਚਾਵਲਾ ਨੇ "ਅਚਿਊਤਮ ਕੇਸ਼ਵਮ ਕ੍ਰਿਸ਼ਨ ਦਮੋਦਰਮ" ਭਜਨ ਗਾ ਕੇ ਇਕੱਠ ਦੀ ਸ਼ੁਰੂਆਤ ਕੀਤੀ। ਜ਼ਿੰਦਗੀ ਲਾਈਵ ਦੀ ਪ੍ਰਧਾਨ ਸਪਨਾ ਦੇਵ ਗੁਪਤਾ ਨੇ ਕਿਹਾ ਕਿ ਸੰਗੀਤ ਪੂਜਾ ਅਤੇ ਧਿਆਨ ਹੈ। ਸੰਗੀਤ ਵਿੱਚ ਸ਼ਾਮਲ ਹੋ ਕੇ, ਕੋਈ ਵੀ ਚਿੰਤਾਵਾਂ ਤੋਂ ਮੁਕਤ ਅਤੇ ਊਰਜਾਵਾਨ ਬਣ ਸਕਦਾ ਹੈ। ਅਧਿਆਤਮਿਕਤਾ ਸੰਗੀਤ ਵਿੱਚ ਹੀ ਛੁਪੀ ਹੋਈ ਹੈ। ਸੰਗੀਤ ਦਿਨ ਦੀ ਭੀੜ-ਭੜੱਕੇ ਅਤੇ ਬੇਲੋੜੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਸਭ ਤੋਂ ਵਧੀਆ ਮਾਧਿਅਮ ਹੈ। ਸਾਰੇ ਗਾਇਕਾਂ ਨੇ



ਬਾਲੀਵੁੱਡ ਦੇ ਵੱਖ-ਵੱਖ ਪ੍ਰਸਿੱਧ ਗਾਇਕਾਂ ਦੇ ਗੀਤਾਂ ਦੀ ਆਪਣੀ ਵਿਲੱਖਣ ਪੇਸ਼ਕਾਰੀ ਨਾਲ ਦਰਸ਼ਕਾਂ ਨੂੰ ਮੋਹਿਤ ਕੀਤਾ। ਸਪਨਾ ਦੇਵ ਗੁਪਤਾ, ਡਾ: ਅਮਨਦੀਪ ਸਿੰਘ, ਅਨਿਲ ਸ਼ਰਮਾ, ਅਰੁਣ ਵਾਸੂਦੇਵ, ਡਾ: ਆਰੀਆ, ਅਸ਼ਵਨੀ ਮਾਗੋ, ਦਲੀਪ ਕੁਮਾਰ, ਅਸ਼ੋਕ ਧੀਰ, ਭਜਨ ਸਿੰਘ, ਦੀਪਿਕਾ ਚਾਵਲਾ, ਗੌਰਵ ਨਈਅਰ, ਹਰਸ਼ ਸੂਦ, ਜਸਦੀਪ ਕੌਰ, ਕੁਲਦੀਪ ਵਸ਼ਿਸ਼ਟ, ਮਹਿੰਦਰ ਸਿੰਘ ਸੇਠੀ, ਡਾ: ਨਵਜੋਤ ਕੌਰ, ਪਵਨਦੀਪ ਕੌਰ, ਡਾ. ਬਹਿਲ, ਸੁਨੀਲ ਚੋਪੜਾ, ਪ੍ਰੋਫੈਸਰ ਸੁਰਿੰਦਰ ਖੰਨਾ, ਤੇਜੇਂਦਰ ਸਿੰਘ, ਹਰੀਸ਼ ਚਾਵਲਾ ਅਤੇ ਸੁਪ੍ਰੇਰਨਾ ਖੰਨਾ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਸਪਨਾ ਦੇਵ ਗੁਪਤਾ ਅਤੇ ਦੀਪਿਕਾ ਚਾਵਲਾ ਨੇ ਮੰਚ ਸੰਚਾਲਨ ਬਾਖੂਬੀ ਕੀਤਾ। ਪਵਨ ਕਾਲੀਆ ਨੇ ਫੋਟੋਗ੍ਰਾਫੀ ਕੀਤੀ। ਅੰਤ ਵਿੱਚ, ਅਸ਼ੋਕ ਧੀਰ ਨੇ ਸਾਰੇ ਭਾਗੀਦਾਰਾਂ ਨੂੰ ਇਨਾਮ ਵਜੋਂ ਖਾਦੀ ਆਰਗੈਨਿਕ ਉਤਪਾਦ ਪੇਸ਼ ਕੀਤੇ। ਜ਼ਿੰਦਗੀ ਲਾਈਵ ਦੀ ਚੇਅਰਵੂਮੈਨ ਸਪਨਾ ਦੇਵ ਗੁਪਤਾ ਨੇ ਸਾਰੇ ਪ੍ਰਤੀਭਾਗੀਆਂ ਦਾ ਧੰਨਵਾਦ ਕੀਤਾ ਅਤੇ ਐਲਾਨ ਕੀਤਾ ਕਿ ਜਲਦ ਹੀ ਹਿਮਾਚਲ ਪ੍ਰਦੇਸ਼ ਦੀਆਂ ਖੂਬਸੂਰਤ ਵਾਦੀਆਂ 'ਚ 'ਜ਼ਿੰਦਗੀ ਲਾਈਵ' ਸੰਗੀਤਕ ਸਮਾਗਮ ਕਰਵਾਇਆ ਜਾਵੇਗਾ। ਇਸ ਜ਼ਿੰਦਗੀ ਲਾਈਵ ਈਵੈਂਟ ਦੀ ਪੂਰੇ ਲੁਧਿਆਣਾ ਵਿੱਚ ਚਰਚਾ ਹੋ ਰਹੀ ਹੈ।

# ਗੁਰਮਤਿ ਸਮਾਗਮ ਦੌਰਾਨ ਗਿਆਨੀ ਬਲਵੰਤ ਸਿੰਘ ਲਿੱਤਰਾਂ ਵਾਲਿਆਂ ਦਾ ਧਰਮ ਸੇਵਾ ਐਵਾਰਡ' ਨਾਲ ਵਿਸ਼ੇਸ਼ ਸਨਮਾਨ

**ਲੈਸਟਰ (ਇੰਗਲੈਂਡ)22 ਜੁਲਾਈ (ਸੁਖਜਿੰਦਰ ਸਿੰਘ** ਢੱਡੇ)- ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਾਹਿਬ ਲੈਸਟਰ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਥਕ ਕਵੀ ਤੇ ਕੀਰਤਨੀਏ ਗਿਆਨੀ ਜਤਿੰਦਰ ਸਿੰਘ ਹਿਆਲਾ ਦੇ ਸਹਿਯੋਗ ਨਾਲ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਸਮਾਗਮ ਵਿੱਚ ਸਿੱਖ ਪੰਥ ਦੇ ਉੱਘੇ ਪ੍ਰਚਾਰਕ ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਵਾਲਿਆਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸਮਾਗਮ ਦੀ ਭਰਪੂਰ ਸ਼ਲਾਘਾ ਕੀਤੀ।

ਇਸ ਮੌਕੇ ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਵਾਲਿਆਂ, ਹੈੱਡ ਗ੍ਰੰਥੀ ਗਿਆਨੀ ਸੁਖਚੈਨ ਸਿੰਘ ਦਮਦਮੀ ਟਕਸਾਲ, ਸਿੱਖ ਚਿੰਤਕ ਭਾਈ ਸਰਬਜੀਤ ਸਿੰਘ ਸੰਘਾ, ਸੰਤ ਹਰੀ ਸਿੰਘ ਨਾਨਕਸਰ ਵਾਲਿਆਂ ਅਤੇ ਪ੍ਰਸਿੱਧ ਕੀਰਤਨੀਏ, ਪ੍ਰਚਾਰਕ ਤੇ ਕਵੀ ਗਿਆਨੀ ਬਲਵੰਤ ਸਿੰਘ ਲਿੱਤਰਾਂ ਵਾਲਿਆਂ ਨੇ ਭਾਈ ਤਾਰੂ ਸਿੰਘ ਜੀ ਦੀ ਲਾਸਾਨੀ ਸ਼ਹਾਦਤ 'ਤੇ ਚਾਨਣਾ ਪਾਉਂਦਿਆਂ ਸੰਗਤਾਂ ਨੂੰ ਗੁਰੂ ਦੇ ਸਿਧਾਂਤਾਂ ਅਨੁਸਾਰ ਜੀਵਨ ਬਤੀਤ ਕਰਨ ਦਾ ਸੱਦਾ ਦਿੱਤਾ। ਬੁਲਾਰਿਆਂ ਨੇ ਕਿਹਾ ਕਿ ਭਾਈ ਤਾਰੂ ਸਿੰਘ ਜੀ ਦੀ ਕੁਰਬਾਨੀ ਸਿੱਖ ਕੌਮ ਲਈ ਸਦੀਵੀ ਪ੍ਰੇਰਨਾ ਸਰੋਤ ਹੈ।ਬੁਲਾਰਿਆਂ ਨੇ ਗਿਆਨੀ ਬਲਵੰਤ ਸਿੰਘ ਲਿੱਤਰਾਂ ਵਾਲਿਆਂ ਵੱਲੋਂ ਪੰਥ ਦੀ ਚੜ੍ਹਦੀ



**ਬਲਵੰਤ ਸਿੰਘ ਲਿੱਤਰਾ ਵਾਲਿਆ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ। ਤਸਵੀਰ :- ਸੁਖਜਿੰਦਰ ਸਿੰਘ ਢੱਡੇ**

ਕਲਾ ਲਈ ਨਿਭਾਈਆਂ ਜਾ ਰਹੀਆਂ ਧਾਰਮਿਕ ਅਤੇ ਸਾਹਿ-ਤਕ ਸੇਵਾਵਾਂ ਦੀ ਵੀ ਭਰਪੂਰ ਸ਼ਬਦਾਂ ਵਿੱਚ ਪ੍ਰਸ਼ੰਸਾ ਕੀਤੀ। ਇਸ ਮੌਕੇ ਗਿਆਨੀ ਜਤਿੰਦਰ ਸਿੰਘ ਹਿਆਲਾ ਵੱਲੋਂ ਗਿਆਨੀ ਬਲਵੰਤ ਸਿੰਘ ਲਿੱਤਰਾਂ ਵਾਲਿਆਂ ਦੇ ਜੀਵਨ ਅਤੇ ਸੇਵਾਵਾਂ ਬਾਰੇ ਪ੍ਰਕਾਸ਼ਿਤ ਪੰਜਾਬੀ ਟ੍ਰੈਕਟ ਵੀ ਪ੍ਰਧਾਨ ਜਰਨੈਲ ਸਿੰਘ ਰਾਣਾ ਰਾਹੀਂ ਸੰਗਤਾਂ ਨੂੰ ਜਾਰੀ ਕੀਤਾ ਗਿਆ।

ਸਮਾਗਮ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਲੈਸਟਰ, ਮਾਤਾ ਖੀਵੀ ਜੀ ਸੇਵਾ ਸੁਸਾਇਟੀ ਯੂ.ਕੇ. ਅਤੇ ਪੰਜਾਬ, ਗੁਰੂ ਨਾਨਕ ਸੰਗੀਤ ਸਭਾ ਯੂ.ਕੇ. ਅਤੇ ਹੋਰ ਪੰਥਕ ਸੰਸਥਾਵਾਂ ਵੱਲੋਂ ਗਿਆਨੀ ਬਲਵੰਤ ਸਿੰਘ ਲਿੱਤਰਾਂ ਵਾਲਿਆਂ ਨੂੰ ਸਿਰੋਪਾਓ, ਯਾਦਗਾਰੀ ਚਿੰਨ ਅਤੇ 'ਧਰਮ ਸੇਵਾ ਐਵਾਰਡ' ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਸਰਦਾਰ ਜਰਨੈਲ ਸਿੰਘ ਰਾਣਾ, ਗਿਆਨੀ ਜਤਿੰਦਰ ਸਿੰਘ ਹਿਆਲਾ, ਗਿਆਨੀ ਰਣਧੀਰ ਸਿੰਘ ਸੰਭਲ, ਗਿਆਨੀ ਸੁਖਚੈਨ ਸਿੰਘ, ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਵਾਲਿਆਂ ਅਤੇ ਸੰਤ ਹਰੀ ਸਿੰਘ ਨਾਨਕਸਰ ਵਾਲਿਆਂ ਨੇ ਸਾਂਝੇ ਤੌਰ 'ਤੇ ਭੇਟ ਕੀਤਾ। ਸਮਾਗਮ ਵਿੱਚ ਗਿਆਨੀ ਦਰਸ਼ਨ ਸਿੰਘ, ਸੰਤ ਜਸਵੰਤ ਸਿੰਘ, ਰਵਿੰਦਰ ਸਿੰਘ, ਗੁਰਮੇਲ ਸਿੰਘ, ਰੂਪ ਰਾਏ, ਜਸਪਾਲ ਸਿੰਘ ਢਿੱਲੋਂ, ਹਾਕਮ ਸਿੰਘ, ਜਗਤਾਰ ਸਿੰਘ ਰਾਹੋਂ, ਕੌਂਸਲਰ ਸੰਤੋਖ ਸਿੰਘ ਅਟਵਾਲ, ਗਿਆਨੀ ਮਲਕੀਤ ਸਿੰਘ, ਬੀਬੀ ਚਰਨਜੀਤ ਕੌਰ, ਪ੍ਰੇਮਜੀਤ ਕੌਰ, ਤਰਨਜੀਤ ਸਿੰਘ ਵਾਲੀਆ, ਸੁਰਜੀਤ ਕੌਰ, ਜੋਗਿੰਦਰ ਸਿੰਘ, ਕਰਮਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਸਟੇਜ ਸੰਚਾਲਨ ਦੀ ਸੇਵਾ ਗਿਆਨੀ ਰਣਧੀਰ ਸਿੰਘ ਸੰਭਲ ਨੇ ਨਿਭਾਈ, ਜਦਕਿ ਅੰਤ ਵਿੱਚ ਗਿਆਨੀ ਜਤਿੰਦਰ ਸਿੰਘ ਹਿਆਲਾ ਨੇ ਸਮੂਹ ਸੰਗਤਾਂ ਅਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ।

# ਡਿਪਟੀ ਸਪੀਕਰ ਸ.ਜੈ ਕ੍ਰਿਸ਼ਨ ਸਿੰਘ ਰੌੜੀ ਦੀ ਹਾਜ਼ਰੀ ਵਿੱਚ ਦਰਜਨਾਂ ਪਰਿਵਾਰ 'ਆਪ' ਵਿੱਚ ਸ਼ਾਮਲ

**ਗੜ੍ਹਸ਼ੰਕਰ/ਹੁਸ਼ਿਆਰਪੁਰ ( ਬਲਵੀਰ ਚੌਪੜਾ ):** ਹਲਕਾ ਗੜ੍ਹਸ਼ੰਕਰ ਦੇ ਪਿੰਡ ਪਦਰਾਣਾ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਸਿਆਸੀ ਹੁਲਾਰਾ ਮਿਲਿਆ ਜਦੋਂ ਵੱਖ-ਵੱਖ ਰਾਜਨੀਤਿਕ ਪਾਰਟੀਆਂ ਨਾਲ ਸਬੰਧਤ ਦਰਜਨਾਂ ਪਰਿਵਾਰਾਂ ਨੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਹਲਕਾ ਵਿਧਾਇਕ ਸ. ਜੈ ਕ੍ਰਿਸ਼ਨ ਸਿੰਘ ਰੌੜੀ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਪਾਰਟੀ ਵਿੱਚ ਸ਼ਾਮਲ ਹੋਏ ਨਵੇਂ ਸਾਥੀਆਂ ਦਾ ਫੁੱਲਾਂ ਦੇ ਹਾਰ ਪਾ ਕੇ ਅਤੇ ਸਿਰੋਪੇ ਭੇਟ ਕਰਕੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ-ਹਿਤੈਸ਼ੀ ਫ਼ੈਸਲੇ, ਭ੍ਰਿਸ਼ਟਾਚਾਰ ਵਿਰੁੱਧ ਸਖ਼ਤ ਕਾਰਵਾਈ, ਸਿੱਖਿਆ, ਸਿਹਤ ਅਤੇ ਪਿੰਡਾਂ ਦੇ ਵਿਕਾਸ ਲਈ ਚਲਾਏ ਜਾ ਰਹੇ ਪ੍ਰੋਜੈਕਟਾਂ ਕਾਰਨ ਲੋਕਾਂ ਦਾ ਵਿਸ਼ਵਾਸ ਲਗਾਤਾਰ ਆਮ ਆਦਮੀ ਪਾਰਟੀ ਵੱਲ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਪਿੰਡ ਪਦਰਾਣਾ ਦੇ ਪਰਿਵਾਰਾਂ ਦਾ ਪਾਰਟੀ ਵਿੱਚ ਸ਼ਾਮਲ ਹੋਣਾ



ਇਸ ਗੱਲ ਦਾ ਸਬੂਤ ਹੈ ਕਿ ਲੋਕ ਰਵਾਇਤੀ ਰਾਜਨੀਤੀ ਤੋਂ ਤੰਗ ਆ ਚੁੱਕੇ ਹਨ ਅਤੇ ਇਮਾਨਦਾਰ ਤੇ ਵਿਕਾਸ-ਕੇਂਦਰਿਤ ਰਾਜਨੀਤੀ ਨੂੰ ਆਪਣਾ ਸਮਰਥਨ ਦੇ ਰਹੇ ਹਨ। ਰੌੜੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਹਰ ਵਰਗ ਦੇ ਲੋਕਾਂ ਦੀ ਪਾਰਟੀ ਹੈ ਅਤੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਵਰਕਰ ਨੂੰ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ। ਉਨ੍ਹਾਂ ਨਵੇਂ ਸਾਥੀਆਂ ਨੂੰ ਭਰੋਸਾ ਦਿਵਾਇਆ ਕਿ ਪਿੰਡ ਪਦਰਾਣਾ ਸਮੇਤ ਸਮੁੱਚੇ ਹਲਕੇ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਪਰਿਵਾਰਾਂ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਦੀਆਂ ਜਨ-ਹਿਤੈਸ਼ੀ ਨੀਤੀਆਂ, ਪਾਰਦਰਸ਼ੀ ਕਾਰਜਸ਼ੈਲੀ ਅਤੇ ਹਲਕਾ ਗੜ੍ਹਸ਼ੰਕਰ ਵਿੱਚ ਹੋ ਰਹੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜੇ ਹਨ। ਉਨ੍ਹਾਂ ਕਿਹਾ ਕਿ ਉਹ ਆਉਣ ਵਾਲੇ ਸਮੇਂ ਵਿੱਚ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਨਗੇ।ਇਸ ਮੌਕੇ ਸਰਪੰਚ ਜਰਨੈਲ ਸਿੰਘ, ਪੰਚ ਮਹਿੰਗਾ ਰਾਮ, ਪੰਚ ਜਸਪਾਲ ਸਿੰਘ, ਪੰਚ ਕੁਲਵਿੰਦਰ ਸਿੰਘ, ਪੰਚ ਸਰੋਜ ਰਾਣੀ, ਪੰਚ ਸੁਭਾਸ਼, ਪੰਚ ਹਰਬੰਸ ਲਾਲ, ਸਾਬਕਾ ਪੰਚ ਨਿਸ਼ ਰਾਣੀ, ਡਾ. ਭੀਮ ਰਾਓ ਅੰਬੇਡਕਰ ਵੈਲਫੇਅਰ ਸੋਸਾਇਟੀ ਸਮੂਹ ਮੈਂਬਰ, ਰਜਨੀ ਦੇਵੀ, ਬਿਮਲਾ ਦੇਵੀ, ਸੁਮਨ ਠਾਕੁਰ,ਸੰਦੀਪ ਰਾਣਾ, ਵਿਸ਼ਾਲ ਰਾਣਾ, ਅਮਨਦੀਪ ਸਿੰਘ,ਰਜੀਵ ਕੁਮਾਰ, ਲਖਵੀਰ ਸਿੰਘ, ਰਜਤ ਸ਼ਰਮਾ, ਸੁਮਨ ਰਾਣੀ, ਸਨੀ ਕੁਮਾਰ ਅਤੇ ਵੱਡੀ ਗਿਣਤੀ ਵਿੱਚ ਪਾਰਟੀ ਆਗੂ, ਨੌਜਵਾਨ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

# ਰੈੱਡ ਕਰਾਸ ਵੱਲੋਂ ਚਲਾਈ ਜਾ ਰਹੀ ਸਾਂਝੀ ਰਸੋਈ ਵਿੱਚ ਮਨੋਰਮਾ ਮਹਿੰਦਰਾ ਵਲੋਂ ਪਤੀ ਦੀ ਯਾਦ ਵਿੱਚ 5100 ਦਾ ਯੋਗਦਾਨ ਪਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਮੁਹੱਲਾ ਈਸ਼ ਨਗਰ, ਹੁਸ਼ਿਆਰਪੁਰ ਵਿਖੇ ਚਲਾਇਆ ਜਾ ਰਿਹਾ 'ਸਾਂਝੀ ਰਸੋਈ' ਪ੍ਰੋਜੈਕਟ ਡਿਪਟੀ ਕਮਿਸ਼ਨਰ ਸ਼੍ਰੀਮਤੀ ਆਸ਼ਿਕਾ ਜੈਨ ਦੀ ਅਗਵਾਈ ਹੇਠ ਬਹੁਤ ਹੀ ਸਫਲਤਾ ਪੂਰਵਕ ਚੱਲ ਰਿਹਾ ਹੈ। ਜਿਸ ਦਾ ਰੋਜ਼ਾਨਾ 450 ਤੋਂ 500 ਗ਼ਰੀਬ ਅਤੇ ਲੋੜਵੰਦ ਵਿਅਕਤੀ ਲਾਭ ਪ੍ਰਾਪਤ ਕਰ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੀ ਸਫਲਤਾ ਲਈ ਮਨੋਰਮਾ ਮਹਿੰਦਰਾ, ਮੈਂਬਰ ਰੈੱਡ ਕਰਾਸ ਹਸਪਤਾਲ ਭਲਾਈ ਸੈਕਸ਼ਨ ਵੱਲੋਂ ਆਪਣੇ ਪਤੀ ਲੇਟ ਵਾਈ.ਐੱਮ. ਮੋਹਿੰਦਰਾ ਦੀ ਯਾਦ ਵਿੱਚ ਰਕਮ 5,100/-



ਰੁਪਏ ਦੀ ਰਾਸ਼ੀ ਸਾਂਝੀ ਰਸੋਈ ਵਿਖੇ ਦਿੱਤੀ ਗਈ ਹੈ। ਇਸ ਮੌਕੇ ਤੇ ਉਹਨਾਂ ਦੇ ਪਰਿਵਾਰਕ ਮੈਂਬਰ ਅਮਨ ਮਹਿੰਦਰਾ ਸਪੁੱਤਰ, ਰਿੰਪਲ ਮਹਿੰਦਰਾ ਨੂੰਹ ਤੋਂ ਇਲਾਵਾ ਮਿਸ ਕੁਲਦੀਪ ਕੋਹਲੀ, ਵਿਨੋਦ ਓਹਰੀ, ਰਾਕੇਸ਼ ਕਪਿਲਾ, ਮੈਂਬਰ ਰੈੱਡ ਕਰਾਸ ਹਸਪਤਾਲ ਭਲਾਈ ਸੈਕਸ਼ਨ ਅਤੇ ਰੈੱਡ ਕਰਾਸ ਟੀਮ ਮੌਜੂਦ ਰਹੀ। ਇਸ ਮੌਕੇ ਤੇ ਮੰਗੇਸ਼ ਸੂਦ ਵੱਲੋਂ ਇਹ ਵੀ ਦੱਸਿਆ ਗਿਆ ਕਿ ਜ਼ਿਲ੍ਹਾ ਰੈੱਡ ਕਰਾਸ ਵੱਲੋਂ ਚਲਾਇਆ ਜਾ ਰਿਹਾ ਇਹ ਪ੍ਰੋਜੈਕਟ ਜ਼ਿਲ੍ਹੇ ਦੇ ਦਾਨੀ ਸੱਜਣਾਂ/ਸਮਾਜ ਸੇਵਕਾਂ ਵੱਲੋਂ ਦਾਨ ਵਜੋਂ ਮੁਹੱਈਆ ਕੀਤੇ ਜਾ ਰਹੇ ਫੰਡਾਂ ਦੁਆਰਾ ਹੀ ਚਲਾਇਆ ਜਾ ਰਿਹਾ ਹੈ। ਜਿਨ੍ਹਾਂ ਵੱਲੋਂ ਜਿੱਥੇ ਬੁੱਕ-ਏ-ਡੇਅ ਸਕੀਮ ਅਧੀਨ ਆਪਣੇ ਪਰਿਵਾਰਕ ਮੈਂਬਰਾਂ ਦੇ ਜਨਮ ਦਿਨ, ਵਿਆਹ/ਸ਼ਾਦੀ ਵਰ੍ਹੇਗੰਢ ਅਤੇ ਯਾਦਾਂ ਨਾਲ ਸਬੰਧਤ ਦਿਨ ਸਾਂਝੀ ਰਸੋਈ ਵਿਖੇ ਮਨਾਉਣ ਸਬੰਧੀ ਲਗਾਤਾਰ ਵਿੱਤੀ ਸਹਾਇਤਾ ਮੁਹੱਈਆ ਕਰਨ ਦੇ ਨਾਲ-ਨਾਲ ਰਾਸ਼ਨ ਸਮੱਗਰੀ ਦੀ ਸਹਾਇਤਾ ਵੀ ਮੁਹੱਈਆ ਕਰਵਾਈ ਜਾਂਦੀ ਹੈ।

# ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵਲੋਂ ਸਮਾਜ ਲਈ ਕੀਤੇ ਕਾਰਜ ਸ਼ਲਾਘਾਯੋਗ ਕਦਮ - ਸੰਤ ਸਤਵਿੰਦਰ ਹੀਰਾ

## *ਆਦਿ ਧਰਮ ਦਾ ਖਾਨਾ ਬਹਾਲ ਕਰਾਉਣ ਲਈ ਸਾਂਝੀ ਮੁਹਿੰਮ ਸਮੇਂ ਦੀ ਲੋੜ

**ਹੁਸ਼ਿਆਰਪੁਰ 21 ਜੁਲਾਈ (.ਤਰਸੇਮ ਦੀਵਾਨਾ )** - ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਦੀ ਅਗਵਾਈ ਹੇਠ ਡੇਰਾ ਸੰਤ ਇੰਦਰ ਦਾਸ ਸੇਖੈ ਵਿਖੇ ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ, ਸੰਤ ਇੰਦਰ ਦਾਸ ਸੇਖੈ ਜਨਰਲ ਸਕੱਤਰ ਨਾਲ ਮੁਲਾਕਾਤ ਕੀਤੀ, ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਅਤੇ ਵੱਖ ਵੱਖ ਡੇਰਿਆਂ ਦੇ ਸੰਤਾਂ ਮਹਾਂਪੁਰਸ਼ਾਂ ਵਲੋਂ ਸਮਾਜ ਲਈ ਸਿੱਖਿਆ, ਸਿਹਤ, ਖੇਡਾਂ ਅਤੇ ਧਾਰਮਿਕ ,ਸਮਾਜਿਕ ਏਕਤਾ ਲਈ ਕੀਤੇ ਜਾ ਰਹੇ ਮਹਾਨ ਕਾਰਜਾਂ ਲਈ ਗੁਲਦਸਤੇ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਵਧਾਈ ਦਿੱਤੀ। ਇਸ ਮੌਕੇ ਬੀਰ ਚੰਦ ਸੁਰੀਲਾ ਚੇਅਰਮੈਨ ਦਲਿਤ ਵਿਕਾਸ ਭਲਾਈ ਬੋਰਡ,ਅਮਿਤ ਕੁਮਾਰ ਪਾਲ ਕੌਮੀ ਕੈਸ਼ੀਅਰ, ਵਰਿੰਦਰ ਬੰਗਾ ਜਨਰਲ ਸਕੱਤਰ,ਮੀਡੀਆ ਸਕੱਤਰ ਓ ਪੀ ਰਾਣਾ ਵੀ ਹਾਜਰ ਸਨ।

ਇਸ ਮੌਕੇ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿ.ਭਾਰਤ ਨੇ ਕਿਹਾ ਕਿ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵਲੋਂ ਸਿਹਤ,ਸਿੱਖਿਆ, ਖੇਡਾਂ ਲਈ ਬਹੁਤ ਮਹਾਨ ਕਾਰਜ ਕੀਤੇ ਜਾ ਰਹੇ ਜਿਸ ਨਾਲ ਬੱਚਿਆਂ ਅੰਦਰ ਪੜਨ ਅਤੇ ਆਪਸੀ ਪਿਆਰ ਦੀ ਭਾਵਨਾ ਉਜਾਗਰ ਹੋ ਰਹੀ ਹੈ। ਸੁਸਾਇਟੀ ਵਲੋਂ ਮੈਡੀਕਲ ਕੈਂਪ ਲਗਾਕੇ ਅੱਖਾਂ



ਅਤੇ ਹੋਰ ਬਿਮਾਰੀਆਂ ਦੇ ਮੁਫਤ ਚੈਕਅੱਪ ਅਤੇ ਦਵਾਈਆਂ ਦੇਣ ਨਾਲ ਹਜਾਰਾਂ ਸੰਗਤਾਂ ਨੂੰ ਲਾਭ ਹੋ ਰਿਹਾ ਹੈ।

ਸੰਤ ਸਤਵਿੰਦਰ ਹੀਰਾ ਨੇ ਕਿਹਾ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵਲੋਂ ਆਦਿ ਧਰਮ ਦੀ ਹੋਂਦ ਨੂੰ ਕਾਇਮ ਰੱਖਣ ਲਈ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਕ੍ਰਾਂਤੀਕਾਰੀ ਸੰਘਰਸ਼ ਨੂੰ ਅੱਗੇ ਵਧਾਉਣ ਲਈ ਏਕਤਾ, ਭਾਈਚਾਰਾ ਦੇ ਮਜਬੂਤ ਸੰਗਠਨ ਨਾਲ ਆਦਿ ਧਰਮ ਦੇ ਮਹਾਨ ਰਹਿਬਰ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ, ਬਾਬੂ ਕਾਂਸ਼ੀ ਰਾਮ ਦੇ ਸੰਘਰਸ਼ ਸਦਕਾ ਕਰੋੜਾਂ ਆਦਿ ਧਰਮੀ ਆਦਿ ਵਾਸੀ ਮਾਨ ਸਨਮਾਨ ਦਾ ਖੁਸ਼ਹਾਲ ਜੀਵਨ ਬਤੀਤ ਕਰ ਰਹੇ ਹਨ, ਪਰ ਇਸ ਸੰਦਰਵ ਵਿੱਚ ਅਜੇ ਬਹੁਤ ਕੁੱਝ ਕਰਨਾ ਬਾਕੀ ਹੈ। ਸੰਤ ਹੀਰਾ ਨੇ ਕਿਹਾ 1931 ਦੀ ਮਰਦਮ ਸ਼ੁਮਾਰੀ ਸਮੇਂ ਆਦਿ ਧਰਮ ਦਾ ਖਾਨਾ ਸਥਾਪਤ ਹੋਇਆ ਸੀ ਅਤੇ ਲੱਖਾਂ ਲੋਕਾਂ ਵਲੋਂ ਆਪਣਾ ਧਰਮ ਆਦਿ ਧਰਮ ਲਿਖਵਾਇਆ ਗਿਆ ਸੀ, ਪਰ ਆਦਿ ਧਰਮ ਦਾ ਖਾਨਾ ਖਤਮ ਕਰਨ ਨਾਲ ਆਦਿ ਧਰਮ ਦੀ ਹੋਂਦ ਨੂੰ ਗੰਭੀਰ ਚਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਆਦਿ ਧਰਮ ਦਾ ਖਾਨਾ ਮੁੜ ਸਥਾਪਿਤ ਕਰਾਉਣ ਲਈ ਧਾਰਮਿਕ, ਸਮਾਜਿਕ ਅਤੇ ਪੜੇ ਲਿਖੇ ਬੁੱਧੀਜੀਵੀਆਂ ਦੇ ਸਹਿਯੋਗ ਨਾਲ ਵੱਡਾ ਸੰਘਰਸ਼ ਆਰੰਭ ਕਰਨਾ ਇਸ ਸਮੇਂ ਦੀ ਵੱਡੀ ਚੁਣੌਤੀ ਹੈ। ਸੰਤ ਹੀਰਾ ਨੇ ਕਿਹਾ ਸਤਿਕਾਰਯੋਗ ਸੰਤ ਸਮਾਜ ਅਤੇ ਵਿਸ਼ਵ ਪੱਧਰ ਦੀਆਂ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਨੂੰ ਇੱਕ ਪਲੇਟਫਾਰਮ ਤੇ ਇਕੱਠੇ ਹੋ ਕੇ ਸਾਂਝੀ ਮੁਹਿੰਮ ਰਾਹੀਂ ਆਦਿ ਧਰਮ ਕਾਲਿਮ ਸਥਾਪਤ ਕਰਾਉਣ ਦੇ ਏਜੰਡੇ ਤੇ ਸਾਂਝੀ ਰਾਇ ਬਣਾ ਕੇ ਸੰਘਰਸ਼ ਆਰੰਭ ਕਰਨਾ ਚਾਹੀਦਾ ਹੈ ਜਿਸ ਲਈ ਆਦਿ ਧਰਮ ਮਿਸ਼ਨ ਭਾਰਤ ਅਹਿਮ ਭੂਮਿਕਾ ਨਿਭਾਏਗਾ।

## ਰੂਲਦੂ ਨੇ ਕਿਹਾ ਮੰਗੇਤਰ ਨੂੰ


ਭੁੱਲ ਜਾਵੇਂਗੀ ਸਾਡੇ ਪਿੰਡ ਆ ਕੇ
ਤੂੰ ਧੂਰੀ ਸ਼ਹਿਰ ਕੁੜੇ ।
ਸਾਡੇ ਖੇਤੀਂ ਵੱਸਦੀ ਹੈ ਕੁਦਰਤ ,
ਤੇ ਸ਼ਹਿਰਾਂ ਵਿੱਚ ਕਹਿਰ ਕੁੜੇ ।
ਬਣਿਐਂ ਲਾਇਲਪੁਰੀ ਨਕਸ਼ੇ 'ਤੇ ,
ਪੂਰਾ ਖੁੱਲ੍ਹਾ ਡੁੱਲ੍ਹਾ ਏ ;
ਸੈਰ ਕਰਨ ਲਈ ਕੋਲ਼ੋਂ ਲੰਘਦੀ
ਹੈ ਇੱਕ ਨਹਿਰ ਕੁੜੇ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ**
**ਜ਼ਿਲ੍ਹਾ ਸੰਗਰੂਰ ।**
9914836037

## ਸ਼ਿਕਾਇਤ

ਲੋਕਾਂ ਦੇ ਅਹਿਸਾਨ ਨੂੰ
ਮੈਂ ਚੁਕਾਇਆ ਤਾਂ ਬਹੁਤ
ਰੁੱਸੇ ਹੋਏ ਦੋਸਤਾਂ ਨੂੰ
ਮੈਂ ਮਨਾਇਆ ਤਾਂ ਬਹੁਤ
ਮੈਂ ਨਿਮਰਤਾ ਦੇ ਨਾਲ
ਸਿਰ ਨੂੰ ਝੁਕਾਇਆ ਤਾਂ ਬਹੁਤ
ਮੈਂ ਤਾਂ ਕੁਝ ਵੀ ਨਹੀਂ ਆਪਣੇ
ਮਨ ਨੂੰ ਸਮਝਾਇਆ ਤਾਂ ਬਹੁਤ
ਹਾਰ ਕੇ ਜੋ ਡਿੱਗ ਚੁੱਕੇ ਸਨ
ਉਹਨਾਂ ਨੂੰ ਮੈਂ ਉਠਾਇਆ ਤਾਂ ਬਹੁਤ
ਦੂਜਿਆਂ ਦੇ ਘਰ ਵਿੱਚ ਜੋ ਅੱਗ ਲੱਗੀ ਸੀ,
ਉਸ ਨੂੰ ਬੁਝਾਇਆ ਤਾਂ ਬਹੁਤ
ਜਿਨਾਂ ਨੂੰ ਮੈਂ ਹਾਸਾ ਦਿੱਤਾ
ਉਹਨਾਂ ਨੇ ਮੈਨੂੰ ਰੁਲਾਇਆ ਤਾਂ ਬਹੁਤ
ਤਲਖੀਆਂ ਸਹਿ ਕੇ ਵੀ
ਸਿਰ ਮੱਥੇ ਤੇ ਬਿਠਾਇਆ ਬਹੁਤ
ਇਹ ਤਾਂ ਮੇਰੀ ਬਦਕਿਸਮਤੀ ਸੀ ਕਿ
ਸ਼ਿਕਾਇਤ ਦਾ ਤੋਹਫਾ ਪਾਇਆ ਬਹੁਤ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 1635 9045**
**ਰੋਹਤਕ , ਹਰਿਆਣਾ**

## "ਉਹ ਪਲ"

ਇਹ ,ਸੁੰਨੀਆ ਜੋ,ਰਾਹਾਂ,ਨੂੰ,ਭੁੱਲੀਏ ਕਿਵੇਂ,
ਜਿੱਥੋਂ ਚਾਵਾਂ ਦੇ, ਕਾਫ਼ਲੇ ਸੀ,ਗੁਜਰਦੇ ਕਦੇ ।

ਕੁਝ ਖੁਆਬਾਂ ਦੀ ਡੋਲੀ,ਸੀ ਗੁਜਰੀ ਜਿੱਥੋਂ,
ਉਹਨਾਂ ਮੋੜਾ,ਤੇ ਰਾਹਵਾਂ ਨੂੰ, ਭੁੱਲੀਏ ਕਿਵੇਂ।

ਜਿੱਥੇ ਰੋਸੇ ਗਿਲੇ ਸੀ ਗੇ, ਇੱਕ ਹੋ ਗਏ,ਸਭ ਦੇ,
ਉਹਨਾਂ ਮਿੱਠੀਆਂ,ਫਿਜਾਵਾਂ ਨੂੰ, ਭੁੱਲੀਏ ਕਿਵੇਂ।

ਜਿੱਥੇ ਧੜਕਣ ਸੀ,ਧੜਕਣ ਨੂੰ, ਮਿਲਦੀ ਕਦੇ,
ਉਹਨਾਂ ਵਿੰਗੀਆਂ,ਉਹ ਰਾਹਵਾਂ ਨੂੰ, ਭੁੱਲੀਏ ਕਿਵੇਂ।

ਜਿੱਥੇ ਹਾਸੇ, ਤੇ ਰੋਸੇ ਸੀ, ਮਿਲਦੇ ਕਦੇ,
ਇਹਨਾਂ ਮਿੱਠੀਆਂ ਇਹ, ਥਾਂਵਾਂ ਨੂੰ ਭੁੱਲੀਏ ਕਿਵੇਂ।

ਜਿੱਥੇ ਖੁਸ਼ੀਆਂ ਨੇ ਆ ਕੇ ਸੀ,ਰੌਣਕ ਲਾਈਂ,
ਉਹਨਾਂ ਨਿੱਕੀਆਂ, ਉਹ, ਥਾਵਾਂ ਨੂੰ, ਭੁੱਲੀਏ ਕਿਵੇਂ।

ਉਹ ਚਿਹਰੇ ਜੋ,ਚਾਅ ਬਣ, ਵਸ ਗਏ ਦਿਲੀਂ,
ਉਹਨਾਂ ਝਲਕਾਂ ਨੂੰ ,ਦਿਲ ਵਿੱਚੋਂ, ਭੁਲੀਏ, ਕਿਵੇਂ ।

ਉਹ ਘੜੀਆਂ ਜੋ, ਯਾਦਾਂ ਹੀ ਬਣ ਰਹਿ ਗਈਆਂ,
ਉਹਨਾ ਯਾਦਾਂ ਨੂੰ, ਦਿਲ ਚੋਂ,ਵਿੱਚੋਂ,ਭੁੱਲੀਏ, ਕਿਵੇਂ।

ਇਹ ਜ਼ਿੰਦਗੀ ਤਾਂ, ਇੰਝ ਹੀ, ਗੁਜ਼ਰ ਜਾਣੀ ਏ,
ਉਹਨਾਂ ਯਾਦਾਂ ਨੂੰ ,ਛੱਡ, ਹੋਰ ਭੁੱਲੀਏ,ਕਿਵੇਂ।

ਇਸ ਧੜਕਣ ਚੋਂ, ਯਾਦਾਂ ਨਾ, ਦੂਰ ਹੋਵਣ,
ਇਹਨਾਂ ਯਾਦਾਂ ਦੀ ਦੁਨੀਆਂ ਨੂੰ, ਭੁੱਲੀਏ ਕਿਵੇਂ।

ਇਨਾਂ ਯਾਦਾਂ ਹੀ,ਜ਼ਿੰਦਗੀ ਹੈ,ਬਣ ਜਾਵਣਾਂ,
ਸੰਦੀਪ ਇਹਨਾਂ ਯਾਦਾਂ ਤੋਂ ਵੱਧ,ਹੋਰ ਭੁਲੀਏ ਕਿਵੇਂ।


ਇਹ ਜੋ ਇਕੱਠਿਆਂ ਗੁਜਾਰੇ, ਸੀ, ਪਲ ਜੋ ਕਦੀਂ,
ਇਹਨਾਂ ਸਾਂਹਵਾਂ ਨੂੰ, ਧੜਕਣ ਚੋਂ,ਭੁੱਲੀਏ ਕਿਵੇਂ।



**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:-9815321017**

## ਸ਼ਿਵ ਦੀ ਯਾਦ

ਬਿਰਹੋਂ ਵਾਲ਼ੀ ਚੀਖ ਉਹ ਅੱਜ ਵੀ, ਪਾਉਂਦਾ ਏ।
ਗੀਤਾਂ ਦੇ ਵਿੱਚ ਦਰਦ ਅਵੱਲਾ, ਲਾਉਂਦਾ ਏ।
ਜੋਬਨ ਰੁੱਤੇ ਮੌਤ ਵਿਆਹ ਕੇ, ਲੈ ਗਈ ਜਿਸ ਨੂੰ,
ਅੱਜ ਵੀ ਸਾਡੀ ਰੂਹ ਨੂੰ ਆਣ, ਜਗਾਉਂਦਾ ਏ।
ਕੰਡਿਆਲੀ ਥੋਰ੍ਹਾਂ ਦੇ ਵਰਗਾ, ਹਾਸਾ ਉਸਦਾ,
ਚੁਭਦਾ ਹੈ ਪਰ ਮਨ ਨੂੰ ਬੜਾ, ਰੁਆਉਂਦਾ ਏ।
ਮਿੱਟੀ ਵਿੱਚੋਂ ਪੀੜਾਂ ਨੂੰ, ਉਗਾਅ ਕੇ ਉਹ,
ਬਿਰਹੜੇ ਦਾ ਇੱਕ ਮਹਿਲ ਮੁਨਾਰਾ, ਬਣਾਉਂਦਾ ਏ।
ਅੱਖਾਂ ਦੇ ਵਿੱਚ ਅੱਥਰੂ ਰੱਖ, ਮੁਸਕਾਉਣਾ,
ਵੱਲ ਇਹ ਕੇਵਲ ਸ਼ਿਵ ਨੂੰ ਹੀ ਬਸ, ਆਉਂਦਾ ਏ।
ਅੱਜ ਵੀ ਜਦ ਕੋਈ ਹਿਜਰਾਂ ਵਾਲ਼ੀ, ਬਾਤ ਪਾਵੇ,
ਸ਼ਿਵ ਦਾ ਚੇਤਾ ਦਿਲ ਨੂੰ ਆਣ, ਸਤਾਉਂਦਾ ਏ।
ਕੱਚੀ ਉਮਰੇ ਇਸ਼ਕ ਦਾ ਸੂਰਜ, ਚਾੜ੍ਹ ਗਿਆ,
ਜੋ ਸਭ ਦੇ ਹਿੱਸੇ ਪੀੜਾਂ ਪਾਕ, ਵੰਡਾਉਂਦਾ ਏ।
ਉਸ ਸ਼ਾਇਰ ਦੇ ਜਨਮ ਦਿਹਾੜੇ, 'ਖਿੱਚੀ' ਵੀ,
ਹਰਫ਼ਾਂ ਵਿਚ ਮੁਹੱਬਤੀ ਰੰਗ, ਸਜਾਉਂਦਾ ਏ।



**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 9478160786**

## ਵਰ੍ਹੇਗੰਢ ਮੁਬਾਰਕ



**ਕੋਪਲ ਦੇ ਡਾਇਰੈਕਟਰ ਹੈਲਿਕ ਬਾਂਸਲ ਅਤੇ ਤਮੰਨਾ ਬਾਂਸਲ ਨੇ ਵਿਆਹ ਦੀ ਪੰਜਵੀਂ ਵਰ੍ਹੇਗੰਢ ਮਨਾਈ**

## ਜਨਮ-ਦਿਨ ਮੁਬਾਰਕ



**ਜੁਵੰਸ਼ ਚੌਹਾਨ**
**ਪਿਤਾ :- ਕੰਵਲ ਚੌਹਾਨ**
**ਮਾਤਾ :- ਹਰਸ਼ਾ ਚੌਹਾਨ**
**ਵਾਸੀ ਮਹਿਤਪੁਰ ਜਲੰਧਰ**

# ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ ਸੰਘਰਸ਼ ਦੀ ਬਦੌਲਤ ਹੀ ਦੱਬੇ-ਕੁਚਲੇ ਲੋਕਾਂ ਨੂੰ ਸਮਾਨਤਾ ਦਾ ਅਧਿਕਾਰ ਮਿਲਿਆ : ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ, 21 ਜੁਲਾਈ ( ਤਰਸੇਮ ਦੀਵਾਨਾ )** ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਕਿਹਾ ਹੈ ਕਿ ਦੇਸ਼-ਵਿਦੇਸ਼ ਵਿੱਚ ਆਦਿ ਧਰਮ ਦੇ ਵਜੂਦ ਨੂੰ ਮਜ਼ਬੂਤ ਕਰਨ ਲਈ ਵੱਡਾ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 1931 ਦੀ ਜਨਗਣਨਾ (ਮਰਦਮ ਸ਼ੁਮਾਰੀ) ਸਮੇਂ ਆਦਿ ਧਰਮ ਦਾ ਕਾਲਮ ਮੌਜੂਦ ਸੀ, ਜਿਸ ਨੂੰ ਬਾਅਦ ਵਿੱਚ ਸਰਕਾਰਾਂ ਵੱਲੋਂ ਹਟਾ ਦਿੱਤਾ ਗਿਆ। ਆਪਣੀ ਹੋਂਦ ਨੂੰ ਮੁੜ ਸਥਾਪਿਤ ਕਰਨ ਲਈ ਹੁਣ ਧਾਰਮਿਕ, ਸਮਾਜਿਕ ਅਤੇ ਪੜ੍ਹੇ-ਲਿਖੇ ਵਰਗ ਨੂੰ ਇੱਕਜੁੱਟ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ, ਜਿਸ ਦੀ ਅਗਵਾਈ ਪੰਜਾਬ ਦਾ ਸੰਤ ਸਮਾਜ ਕਰੇ। ਇਸੇ ਸਬੰਧ ਵਿੱਚ ਸੰਤ ਸਤਵਿੰਦਰ ਹੀਰਾ ਦੀ ਅਗਵਾਈ ਹੇਠ ਮਿਸ਼ਨ ਦੇ ਆਗੂਆਂ ਨੇ ਡੇਰਾ 108 ਸੰਤ ਸੀਤਲ ਦਾਸ ਬੋਹਣ ਵਿਖੇ ਪਹੁੰਚ ਕੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਚੇਅਰਮੈਨ ਸੰਤ ਸਰਵਣ ਦਾਸ ਜੀ ਨਾਲ ਮੁਲ-ਾਕਾਤ ਕੀਤੀ। ਇਸ ਮੌਕੇ ਸੰਤ ਸਰਵਣ ਦਾਸ ਜੀ ਅਤੇ ਹੋਰ ਮਹਾਂਪੁਰਸ਼ਾਂ ਵੱਲੋਂ ਸੰਗਤਾਂ ਨੂੰ ਆਦਿ ਧਰਮ ਦੇ ਨਾਅਰੇ ਨੂੰ



ਬੁਲੰਦ ਕਰਨ ਅਤੇ ਜਨਗਣਨਾ ਵਿੱਚ ਆਪਣਾ ਧਰਮ 'ਆਦਿ ਧਰਮ' ਲਿਖਵਾਉਣ ਲਈ ਪ੍ਰੇਰਿਤ ਕਰਨ ਦੇ ਕੀਤੇ ਫੈਸਲੇ ਦਾ ਜ਼ੋਰਦਾਰ ਧੰਨਵਾਦ ਕੀਤਾ ਗਿਆ।ਸੰਤ ਹੀਰਾ ਨੇ ਅੱਗੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਵੱਲੋਂ ਦਰਸਾਏ ਬਰਾਬਰਤਾ ਅਤੇ ਭਾਈਚਾਰਕ ਸਾਂਝ ਵਾਲੇ 'ਬੇਗਮਪੁਰਾ' ਸ਼ਹਿਰ ਦੀ ਸਥਾਪਨਾ ਲਈ ਸਾਰਿਆਂ ਨੂੰ ਇੱਕ ਮੰਚ 'ਤੇ ਇਕੱਠੇ ਹੋਣਾ ਚਾਹੀਦਾ ਹੈ। ਉਨ੍ਹਾਂ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਅਤੇ ਬਾਬੂ ਕਾਂਸ਼ੀ ਰਾਮ ਦੇ ਸੰਘਰਸ਼ ਨੂੰ ਯਾਦ ਕਰਦਿਆਂ ਕਿਹਾ ਕਿ ਇਨ੍ਹਾਂ ਰਹਿਬਰਾਂ ਦੀ ਬਦੌਲਤ ਹੀ ਦੱਬੇ-ਕੁਚਲੇ ਲੋਕਾਂ ਨੂੰ ਸਮਾਨਤਾ ਦਾ ਅਧਿਕਾਰ ਮਿਲਿਆ ਹੈ।

ਇਸ ਮੌਕੇ , ਰਾਸ਼ਟਰੀ ਕੈਸ਼ੀਅਰ ਅਮਿਤ ਕੁਮਾਰ ਪਾਲ, ਜਨਰਲ ਸਕੱਤਰ ਵਰਿੰਦਰ ਬੰਗਾ, ਮੀਡੀਆ ਸਕੱਤਰ ਓ.ਪੀ. ਰਾਣਾ, ਡੇਰੇ ਦੇ ਸੇਵਾਦਾਰ ਲਵਪ੍ਰੀਤ, ਚਰਨਜੀਤ ਮੱਛਰੀਵਾਲ, ਸੇਵਾਮੁਕਤ ਇੰਸਪੈਕਟਰ ਬਾਬੂ ਰਾਮ ਭੱਜ ਕਰਾੜੀ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਕਪਤਾਨ ਸੁਰਭੀ ਦੇ ਆਲ-ਰਾਊਂਡ ਪ੍ਰਦਰਸ਼ਨ ਨਾਲ ਅੰਡਰ-19 ਮਹਿਲਾ ਕ੍ਰਿਕਟ ਟੂਰਨਾਮੈਂਟ ਵਿੱਚ ਹੁਸ਼ਿਆਰਪੁਰ ਨੇ ਕਪੂਰਥਲਾ ਨੂੰ 6 ਵਿਕਟਾਂ ਨਾਲ ਹਰਾਇਆ: ਡਾ. ਘਈ

**ਹੁਸ਼ਿਆਰਪੁਰ, 21 ਜੁਲਾਈ (ਤਰਸੇਮ ਦੀਵਾਨਾ )** - ਪੀਸੀਏ ਦੁਆਰਾ ਕਰਵਾਏ ਜਾ ਰਹੇ ਅੰਡਰ-19 ਅੰਤਰ-ਜ਼ਿਲ੍ਹਾ ਮਹਿਲਾ ਕ੍ਰਿਕਟ ਟੂਰਨਾਮੈਂਟ ਵਿੱਚ ਹੁਸ਼ਿਆਰਪੁਰ ਦੀ ਟੀਮ ਨੇ ਕਪਤਾਨ ਸੁਰਭੀ ਦੇ ਸ਼ਾਨਦਾਰ ਆਲ-ਰਾਊਂਡ ਪ੍ਰਦਰਸ਼ਨ ਅਤੇ ਧਰੁਵਿਕਾ ਸੇਠ ਦੀ ਸ਼ਾਨਦਾਰ ਗੇਂਦਬਾਜ਼ੀ ਦੀ ਬਦੌਲਤ ਕਪੂਰਥਲਾ ਟੀਮ ਨੂੰ 6 ਵਿਕਟਾਂ ਨਾਲ ਹਰਾ ਕੇ 4 ਅੰਕ ਪ੍ਰਾਪਤ ਕੀਤੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਚ.ਡੀ.ਸੀ.ਏ. ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ 50-50 ਓਵਰਾਂ ਦੇ ਇਸ ਮੈਚ ਵਿੱਚ ਹੁਸ਼ਿਆਰਪੁਰ ਦੀ ਟੀਮ ਨੇ ਟਾਸ ਜਿੱਤ ਕੇ ਕਪੂਰਥਲਾ ਨੂੰ ਪਹਿਲਾਂ ਬੱਲੇਬਾਜ਼ੀ ਕਰਨ ਦਾ ਸੱਦਾ ਦਿੱਤਾ ਅਤੇ ਹੁਸ਼ਿਆਰਪੁਰ ਦੀ ਸ਼ਾਨਦਾਰ ਗੇਂਦਬਾਜ਼ੀ ਅੱਗੇ ਕਪੂਰਥਲਾ ਦੀ ਟੀਮ 34.5 ਓਵਰਾਂ ਵਿੱਚ ਕੇਵਲ 79 ਦੌੜਾਂ ਹੀ ਬਣਾ ਸਕੀ। ਜਿਸ ਵਿੱਚ ਸੁਖਮਨਲੀਨ ਕੌਰ ਨੇ 30 ਅਤੇ ਜਸਮੀਤ ਸੰਧੂ ਨੇ ਨਾਬਾਦ 14 ਦੌੜਾਂ ਬਣਾਈਆਂ। ਹੁਸ਼ਿਆਰਪੁਰ ਵੱਲੋਂ ਸ਼ਾਨਦਾਰ ਗੇਂਦਬਾਜ਼ੀ ਕਰਦੇ ਹੋਏ ਕਪਤਾਨ ਸੁਰਭੀ ਨੇ 10 ਓਵਰਾਂ ਵਿੱਚ 6 ਦੌੜਾਂ ਦੇ ਕੇ 4 ਵਿਕਟਾਂ, ਧਰੁਵਿਕਾ ਸੇਠ ਨੇ 10 ਓਵਰਾਂ



ਵਿੱਚ 30 ਦੌੜਾਂ ਦੇ ਕੇ 4 ਵਿਕਟਾਂ ਅਤੇ ਅਰੁਸ਼ੀ ਠਾਕੁਰ ਨੇ 12 ਦੌੜਾਂ ਦੇ ਕੇ ਕਪੂਰਥਲਾ ਦੇ 2 ਖਿਡਾਰੀਆਂ ਨੂੰ ਆਊਟ ਕੀਤਾ। 50 ਓਵਰਾਂ ਵਿੱਚ ਜਿੱਤ ਲਈ 80 ਦੌੜਾਂ ਦਾ ਟੀਚਾ ਲੈ ਕੇ ਬੱਲੇਬਾਜ਼ੀ ਕਰਨ ਉਤਰੀ ਹੁਸ਼ਿਆਰਪੁਰ ਦੀ ਟੀਮ ਨੇ 24.1 ਓਵਰਾਂ ਵਿੱਚ 4 ਵਿਕਟਾਂ ਦੇ ਨੁਕਸਾਨ 'ਤੇ 81 ਦੌੜਾਂ ਬਣਾ ਕੇ ਇਹ ਮੈਚ 6 ਵਿਕਟਾਂ ਨਾਲ ਜਿੱਤ ਲਿਆ। ਹੁਸ਼ਿਆਰਪੁਰ ਵੱਲੋਂ ਸ਼ਾਨਦਾਰ ਬੱਲੇਬਾਜ਼ੀ ਕਰਦੇ ਹੋਏ ਕਪਤਾਨ ਸੁਰਭੀ ਨੇ ਨਾਬਾਦ 25, ਭੂਮਿਕਾ ਸ਼ਰਮਾ ਨੇ ਨਾਬਾਦ 15 ਅਤੇ ਆਸਥਾ ਸ਼ਰਮਾ ਨੇ 10 ਦੌੜਾਂ ਦਾ ਯੋਗਦਾਨ ਦਿੱਤਾ। ਇਸ ਤਰ੍ਹਾਂ ਹੁਸ਼ਿਆਰਪੁਰ ਨੇ ਇਸ ਜਿੱਤ ਨਾਲ 4 ਅੰਕ ਪ੍ਰਾਪਤ ਕਰ ਲਏ। ਹੁਸ਼ਿਆਰਪੁਰ ਟੀਮ ਦੀ ਇਸ ਜਿੱਤ 'ਤੇ ਐਚ.ਡੀ.ਸੀ.ਏ. ਪ੍ਰਧਾਨ ਡਾ. ਦਲਜੀਤ ਖੇਲਾ, ਸੰਯੁਕਤ ਸਕੱਤਰ ਵਿਵੇਕ ਸਾਹਨੀ, ਠਾਕੁਰ ਜੋਗਰ-ਾਜ, ਚੇਅਰਮੈਨ ਟੂਰਨਾਮੈਂਟ ਕਮੇਟੀ ਡਾ. ਪੰਕਜ ਸ਼ਿਵ, ਜਤਿੰਦਰ ਸੂਦ, ਸੁਭਾਸ਼ ਸ਼ਰਮਾ ਤੋਂ ਇਲਾਵਾ ਸਮੂਹ ਐਚ.ਡੀ.ਸੀ.ਏ. ਅਹੁਦੇਦਾਰਾਂ ਨੇ ਟੀਮ ਨੂੰ ਵਧਾਈ ਦਿੰਦੇ ਹੋਏ ਅਗਲੇ ਮੈਚਾਂ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਟੀਮ ਦੀ ਕੋਚ ਦਵਿੰਦਰ ਕੌਰ ਕਲਿਆਣ, ਸਹਾਇਕ ਕੋਚ ਨਿਕਿਤਾ ਕੁਮਾਰੀ, ਜ਼ਿਲ੍ਹਾ ਕੋਚ ਦਲਜੀਤ ਸਿੰਘ, ਟੀਮ ਟ੍ਰੇਨਰ ਕੁਲਦੀਪ ਧਾਮੀ, ਸਹਾਇਕ ਕੋਚ ਅਸ਼ੋਕ ਸ਼ਰਮਾ, ਪ੍ਰਵੀਨ ਕਪੂਰ, ਪੰਕਜ ਪਿੰਕਾ, ਦਿਨੇਸ਼ ਸ਼ਰਮਾ ਆਦਿ ਨੇ ਟੀਮ ਦੇ ਪ੍ਰਦਰਸ਼ਨ 'ਤੇ ਖੁਸ਼ੀ ਜ਼ਾਹਰ ਕਰਦੇ ਹੋਏ ਟੀਮ ਨੂੰ ਅਗਲੇ ਮੈਚਾਂ ਵਿੱਚ ਵੀ ਚੰਗਾ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਡਾ. ਘਈ ਨੇ ਦੱਸਿਆ ਕਿ ਹੁਸ਼ਿਆਰਪੁਰ ਦਾ ਅਗਲਾ ਮੁਕਾਬਲਾ 25 ਜੁਲਾਈ ਨੂੰ ਰੋਪੜ ਨਾਲ ਖੇਡਿਆ ਜਾਵੇਗਾ।

ਫੋਟੋ ਅਜਮੇਰ ਦੀਵਾਨਾ

# ਖਾਲਸਾ ਕਾਲਜ ਮਾਹਿਲਪੁਰ ਦੇ ਵਿਦਿਆਰਥੀਆਂ ਨੂੰ ਵਜ਼ੀਫਾ ਰਾਸ਼ੀ ਤਕਸੀਮ ਕੀਤੀ

**ਹੁਸ਼ਿਆਰਪੁਰ /ਮਾਹਿਲਪੁਰ, 21 ਜੁਲਾਈ ( ਤਰਸੇਮ ਦੀਵਾਨਾ ) –** ਖੇਤਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਕਰਵਾਏ ਵਜੀਫਾ ਵੰਡ ਸਮਾਰੋਹ ਮੌਕੇ ਸਿੱਖ ਹਿਊਮਨ ਡਿਵੈਲਪਮੈਂਟ ਫਾਊਂਡੇਸ਼ਨ ਅਮਰੀਕਾ ਵੱਲੋਂ ਕਾਲਜ ਦੇ ਛੇ ਵਿਦਿਆਰਥੀਆਂ ਨੂੰ ਕੁੱਲ ਦੋ ਲੱਖ ਇੱਕੀ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਸਕਾਲਰਸ਼ਿਪ ਦੇ ਤੌਰ 'ਤੇ ਪ੍ਰਦਾਨ ਕੀਤੀ। ਇਸ ਮੌਕੇ ਸਮਾਗਮ ਦੇ ਮੁੱਖ ਮਹਿਮਾਨ ਫਾਊਂਡੇਸ਼ਨ ਦੇ ਪ੍ਰਬੰਧਕੀ ਨਿਰਦੇਸ਼ਕ ਗੁਰਬੀਰ ਸਿੰਘ ਬਰਾੜ, ਖ਼ਾਲਸਾ ਕਾਲਜ ਚੰਡੀਗੜ੍ਹ ਦੇ ਪ੍ਰਿੰਸੀਪਲ ਡਾ. ਜਸਵਿੰਦਰ ਸਿੰਘ, ਅਤੇ ਸਾਬਕਾ ਸੈਨੇਟਰ ਡਾ. ਜਗਤਾਰ ਸਿੰਘ ਨੇ ਸ਼ਿਰਕਤ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਵੱਲੋਂ ਹਾਜ਼ਰ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ ਗਿਆ ਅਤੇ ਕਾਲਜ ਦੀਆਂ ਪ੍ਰਾਪਤੀਆਂ ਦੀ ਜਾਣਕਾਰੀ ਸਾਂਝੀ ਕੀਤੀ




ਗਈ । ਉਹਨਾਂ ਗੁਰਬੀਰ ਸਿੰਘ ਬਰਾੜ ਦਾ ਕਾਲਜ ਆਉਣ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਸਹਾਇਤਾ ਰਾਸ਼ੀ ਪ੍ਰਦਾਨ ਕਰਨ ਲਈ ਧੰਨਵਾਦ ਕੀਤਾ ਅਤੇ ਸਕਾਲਰਸ਼ਿਪ ਦੇ ਰੂਪ ਵਿੱਚ ਸਹਾਇਤਾ ਰਾਸ਼ੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮੁਬ-ਾਰਕਬਾਦ ਦਿੱਤੀ। ਸਮਾਗਮ ਦੇ ਮੁੱਖ ਮਹਿਮਾਨ ਸ. ਗੁਰਬੀਰ ਬਰਾੜ ਨੇ ਕਾਲਜ ਦੀ ਇਲਾਕੇ ਨੂੰ ਪਾਈ ਦੇਣ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਇਸ ਕਾਲਜ ਦੇ ਕਰੀਬ 100 ਵਿਦਿਆਰਥੀਆਂ ਨੂੰ ਉਹਨਾਂ ਦੀ ਸੰਸਥਾ ਵੱਲੋਂ ਸਕਾਲਰਸ਼ਿਪ ਪਰਦਾਨ ਕੀਤੀ ਜਾਵੇਗੀ। ਵਜੀਫਾ ਰਾਸ਼ੀ ਪ੍ਰਾਪਤ ਕਰਨ ਵਾਲੇ ਕਾਲਜ ਦੇ ਛੇ ਵਿਦਿਆਰਥੀਆਂ ਵਿਚ ਸਿਧਾਂਤ ਰਾਣਾ, ਸਪਨਾ, ਪ੍ਰਭਜੋਤ ਕੌਰ ਮਾਨ, ਆਰਿਫ਼ ਮੁਹੰਮਦ ,ਮਹਿਕ ਲਹਿਲ, ਅਤੇ ਮੁਸਕਾਨ ਬੰਗਾ ਸ਼ਾਮਿਲ ਸਨ।ਇਸ ਮੌਕੇ ਕਾਲਜ ਦਾ ਸਮੂਹ ਸਟਾਫ ਹਾਜ਼ਰ ਸੀ। ਮੰਚ ਸੰਚਾਲਨ ਡਾ. ਦੇਵ ਕੁਮਾਰ ਵੱਲੋਂ ਕੀਤਾ ਗਿਆ।

# 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡਾਂ ਵਿੱਚ ਸ਼ਰਧਾ ਅਤੇ ਉਤਸ਼ਾਹ ਨਾਲ ਦੇਖੀ ਗਈ ਸ੍ਰੀ ਗੁਰੂ ਰਵਿਦਾਸ ਜੀ 'ਤੇ ਆਧਾਰਿਤ ਵਿਸ਼ੇਸ਼ ਡਾਕੂਮੈਂਟਰੀ

## ਵਿਸ਼ੇਸ਼ ਡਾਕੂਮੈਂਟਰੀ ਰਾਹੀਂ ਲੋਕਾਂ ਤੱਕ ਪੁੱਜ ਰਿਹਾ ਸਮਾਜਿਕ ਨਿਆਂ, ਸਮਾਨਤਾ ਤੇ ਸਰਬ ਸਾਂਝੀਵਾਲਤਾ ਦਾ ਸੰਦੇਸ਼

**ਨਵਾਂਸ਼ਹਿਰ, 21 ਜੁਲਾਈ(ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਲਾਈ ਜਾ ਰਹੀ ਵਿਸ਼ੇਸ਼ ਡਾਕੂਮੈਂਟਰੀ ਮੁਹਿੰਮ ਨੂੰ ਜ਼ਿਲ੍ਹੇ ਦੇ ਪਿੰਡਾਂ ਵਿੱਚ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਮੁਹਿੰਮ ਤਹਿਤ ਪੱਲੀ ਝਿੱਕੀ, ਰੱਤੇਵਾਲ, ਲਾਲ ਮਜਾਰਾ, ਹੇੜੀਆਂ, ਮਹਿਤਪੁਰ ਅਤੇ ਗੜ੍ਹੀਕਾਨੂੰਗੋਆ ਵਿਖੇ ਐਲ.ਈ.ਡੀ. ਸਕਰੀਨ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫਲਸਫ਼ੇ ਅਤੇ ਮਹਾਨ ਉਪਦੇਸ਼ਾਂ 'ਤੇ ਆਧਾਰਿਤ ਲਗਭਗ 30 ਮਿੰਟ ਦੀ ਵਿਸ਼ੇਸ਼ ਦਸਤਾਵੇਜ਼ੀ ਫ਼ਿਲਮ ਦਿਖਾਈ ਗਈ।

ਡਾਕੂਮੈਂਟਰੀ ਦੌਰਾਨ ਪਿੰਡਾਂ ਦੇ ਸਰਪੰਚਾਂ, ਪੰਚਾਇਤ ਨੁਮਾਇੰਦਿਆਂ, ਨੌਜਵਾਨਾਂ, ਮਹਿਲਾਵਾਂ, ਬਜ਼ੁਰਗਾਂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਸ਼ਰਧਾ, ਸਤਿਕਾਰ ਅਤੇ ਉਤਸ਼ਾਹ ਨਾਲ ਸ਼ਮੂਲੀਅਤ ਕਰਦਿਆਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਨੇੜਿਓਂ ਜਾਣਿਆ। ਡਾਕੂਮੈਂਟਰੀ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ ਸੰਘਰਸ਼, ਸਮਾਜ ਸੁਧਾਰ ਲਈ ਉਨ੍ਹਾਂ ਦੇ ਵਿਲੱਖਣ ਯੋਗਦਾਨ ਅਤੇ ਮਨੁੱਖਤਾ ਨੂੰ ਦਿੱਤੇ ਸਮਾਨਤਾ,



ਸਮਾਜਿਕ ਨਿਆਂ, ਪ੍ਰਭੂ ਭਗਤੀ, ਆਪਸੀ ਭਾਈਚਾਰੇ ਅਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ। ਇਸ ਵਿੱਚ ਇਹ ਵੀ ਦਰਸਾਇਆ ਗਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੇ ਜਾਤ-ਪਾਤ, ਊਚ-ਨੀਚ ਅਤੇ ਹਰ ਤਰ੍ਹਾਂ ਦੇ ਸਮਾਜਿਕ ਵਿਤਕਰੇ ਦਾ ਡਟ ਕੇ ਵਿਰੋਧ ਕੀਤਾ ਅਤੇ ਮਨੁੱਖਤਾ ਨੂੰ ਇੱਕੋ ਜਿਹਾ ਮਾਣ-ਸਨਮਾਨ ਦੇਣ ਦਾ ਸੰਦੇਸ਼ ਦਿੱਤਾ, ਜੋ ਅੱਜ ਵੀ ਉਨ੍ਹਾਂ ਹੀ ਪ੍ਰਸੰਗਿਕ ਹੈ। ਇਸ ਮੌਕੇ ਪਿੰਡਾਂ ਦੇ ਸਰਪੰਚਾਂ, ਪੰਚਾਇਤ ਮੈਂਬਰਾਂ ਅਤੇ ਹੋਰ ਹਾਜ਼ਰ ਪਤਵੰਤਿਆਂ ਨੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਇਸ ਵਿਸ਼ੇਸ਼ ਮੁਹਿੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲਿਆਂ ਨਾਲ ਨੌਜਵਾਨ ਪੀੜ੍ਹੀ ਨੂੰ ਆਪਣੇ ਮਹਾਨ ਗੁਰੂਆਂ ਦੇ ਜੀਵਨ, ਵਿਚਾਰਾਂ ਅਤੇ ਮਨੁੱਖਤਾ ਦੀ ਭਲਾਈ ਲਈ ਦਿੱਤੇ ਅਮੁੱਲੇ ਸੰਦੇਸ਼ਾਂ ਤੋਂ ਜਾਣੂ ਹੋਣ ਦਾ ਸੁਨਹਿਰੀ ਮੌਕਾ ਮਿਲਦਾ ਹੈ।

ਪਿੰਡ ਵਾਸੀਆਂ ਨੇ ਡਾਕੂਮੈਂਟਰੀ ਨੂੰ ਜਾਣਕਾਰੀ ਭਰਪੂਰ, ਪ੍ਰੇਰਣਾਦਾਇਕ ਅਤੇ ਸਮਾਜ ਲਈ ਸੇਧ ਦੇਣ ਵਾਲੀ ਕਰਾਰ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਵਿਚਾਰ ਅੱਜ ਦੇ ਸਮੇਂ ਵਿੱਚ ਵੀ ਸਮਾਜ ਨੂੰ ਏਕਤਾ, ਭਾਈਚਾਰੇ, ਸਮਾਨਤਾ ਅਤੇ ਆਪਸੀ ਸਤਿਕਾਰ ਦੇ ਰਾਹ 'ਤੇ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਸਮਾਜ ਵਿੱਚ ਸਦਭਾਵਨਾ ਅਤੇ ਸਮਾਜਿਕ ਬਰਾਬਰੀ ਨੂੰ ਹੋਰ ਮਜ਼ਬੂਤ ਕਰਨ ਲਈ ਅਜਿਹੀਆਂ ਜਾਗਰੂਕਤਾ ਮੁਹਿੰਮਾਂ ਲਗਾਤਾਰ ਜਾਰੀ ਰਹਿਣੀਆਂ ਚਾਹੀਦੀਆਂ ਹਨ। ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਵਿਸ਼ੇਸ਼ ਡਾਕੂਮੈਂਟਰੀ ਮੁਹਿੰਮ ਆਉਣ ਵਾਲੇ ਦਿਨਾਂ ਵਿੱਚ ਵੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਵੱਖ-ਵੱਖ ਪਿੰਡਾਂ ਵਿੱਚ ਜਾਰੀ ਰਹੇਗੀ ਤਾਂ ਜੋ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ, ਸਮਾਨਤਾ ਅਤੇ ਸਰਬੱਤ ਦੇ ਭਲੇ ਦੇ ਸੰਦੇਸ਼ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਇਆ ਜਾ ਸਕੇ ਅਤੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਵਿੱਚ ਲੋਕਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਈ ਜਾ ਸਕੇ।

# 186 ਸਕੂਲੀ ਬੱਚਿਆਂ ਨੂੰ ਸਟੇਸ਼ਨਰੀ ਵੰਡੀ



**ਰਾਏਕੋਟ, 21ਜੁਲਾਈ ( ਗੁਰਭਿੰਦਰ ਗੁਰੀ .)** ਸਰਕਾਰੀ ਪ੍ਰਇਮਰੀ ਸਕੂਲ ਲੱਖਾ ਦੇ 186 ਬੱਚਿਆ ਨੂੰ ਅਨੂਪ ਸਿੰਘ ਧਾਲੀਵਾਲ ਕੈਨੇਡਾ ਦੇ ਪਰਿਵਾਰ ਵੱਲੋ ਸਟੇਸਨਰੀ ਵੰਡੀ ਗਈ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਦਾ ਦੇ ਪ੍ਰਧਾਨ ਬਹਾਦਰ ਸਿੰਘ ਲੱਖਾ ਨੇ ਦਾਨੀ ਪਰਿਵਾਰ ਦਾ ਧੰਨਵਾਦ ਕਰਦਿਆ ਕਿਹਾ ਕਿ ਸਰਕਾਰੀ ਸਕੂਲਾ ਵਿਚ ਜਿਆਦਾਤਰ ਮੱਧਵਰਗੀ ਪਰਿਵਾਰਾ ਦੇ ਬੱਚੇ ਪੜ੍ਹਦੇ ਹਨ।ਜਿਨ੍ਹਾ ਦੀ ਸਹਾਇਤਾ ਕਰਨਾ ਸਾਡਾ ਮੁੱਢਲਾ ਫਰਜ ਹੈ।ਇਸ ਮੌਕੇ ਮੁੱਖ ਅਧਿਆਪਕ ਅਜੀਤਪਾਲ ਸਿੰਘ ਨੇ ਕਿਹਾ ਕਿ ਸਕੂਲ ਦੇ ਵਿਕਾਸ-ਕਾਰਜਾ ਵਿਚ ਪਿੰਡ ਲੱਖਾ ਦੇ ਐਨ ਆਰ ਆਈ ਵੀਰਾ ਦਾ ਵੱਡਾ ਯੋਗਦਾਨ ਹੈ ਜੋ ਸਮੇਂ-ਸਮੇਂ ਤੇ ਸਕੂਲ ਦੀਆ ਲੋੜਾ ਪੂਰੀਆ ਕਰਦੇ ਆ ਰਹੇ ਹਨ।ਇਸ ਮੌਕੇ ਉਨ੍ਹਾ ਨਾਲ ਪ੍ਰਮਿੰਦਰ ਸਿੰਘ ਕੈਨੇਡਾ, ਗੁਰਤੇਜ ਸਿੰਘ ਲੱਖਾ, ਬਾਬਾ ਮੰਦਰ ਸਿੰਘ ਲੱਖਾ, ਪ੍ਰਧਾਨ ਕਾਲਾ ਸਿੰਘ, ਗਗਨਦੀਪ ਸਿੰਘ, ਪ੍ਰੇਮ ਸਿੰਘ, ਗੁਰਮੀਤ ਸਿੰਘ, ਪ੍ਰਭਜੋਤ ਕੌਰ, ਮਨਦੀਪ ਕੌਰ, ਬਲਜਿੰਦਰ ਕੌਰ, ਮਨਜਿੰਦਰ ਸਿੰਘ, ਬਿਕਰਮ ਸ਼ਰਮਾਂ ਵਿੱਕੀ, ਜਸਪ੍ਰੀਤ ਕੌਰ ਆਦਿ ਹਾਜ਼ਰ ਸਨ।

# ਡੱਲਾ ਵਾਸੀਆ ਨੇ ਚੋਰ ਫੜ੍ਹ ਕੇ ਹਠੂਰ ਪੁਲਿਸ ਹਵਾਲੇ ਕੀਤਾ

**ਰਾਏਕੋਟ, 21ਜੁਲਾਈ ( ਗੁਰਭਿੰਦਰ ਗੁਰੀ .)** ਡੱਲਾ ਦੇ ਇੱਕ ਐਨ ਆਰ ਆਈ ਦੀ ਬੰਦ ਪਈ ਕੋਠੀ ਵਿਚ ਕੀਮਤੀ ਸਮਾਨ ਚੋਰੀ ਕਰਨ ਵਾਲਾ ਚੋਰ ਫੜ੍ਹ ਕੇ ਪਿੰਡ ਵਾਸੀਆ ਨੇ ਪੁਲਿਸ ਥਾਣਾ ਹਠੂਰ ਦੇ ਹਵਾਲੇ ਕੀਤਾ।ਇਸ ਸਬੰਧੀ ਜਾਣਕਾਰੀ ਦਿੰਦਿਆ ਪ੍ਰਧਾਨ ਨਿਰਮਲ ਸਿੰਘ ਡੱਲਾ ਨੇ ਦੱਸਿਆ ਕਿ ਜਗਦੇਵ ਸਿੰਘ ਫੌਜੀ ਜੋ ਪਿਛਲੇ ਲੰਮੇ ਸਮੇਂ ਤੋ ਆਪਣੇ ਪਰਿਵਾਰ ਸਮੇਂਤ ਇੱਟਲੀ ਵਿਖੇ ਰਹਿ ਰਹੇ ਹਨ।ਅੱਜ ਉਨ੍ਹਾ ਦੀ ਬੰਦ ਪਈ ਕੋਠੀ ਵਿਚ ਕੰਧ ਟੱਪ ਕੇ ਚੋਰ ਦਾਖਲ ਹੋ ਗਿਆ।ਜਿਸ ਦਾ ਜਦੋ ਨੇੜਲੇ ਘਰਾ ਵਾਲਿਆ ਨੂੰ ਪਤਾ ਲੱਗਾ ਤਾਂ ਪਿੰਡ ਵਾਸੀਆ ਨੇ ਕੋਠੀ ਨੂੰ ਚਾਰੇ ਪਾਸਿਓ ਘੇਰ ਲਿਆ ਅਤੇ ਕੋਠੀ ਵਿਚ ਚੋਰ ਨੂੰ ਫੜ੍ਹ ਲਿਆ।ਉਨ੍ਹਾ ਦੱਸਿਆ ਕਿ ਚੋਰ ਕੋਲੋ ਦੋ ਮੋਬਾਇਲ,15 ਟੂਟੀਆ, ਪਿੱਤਲ ਦੇ ਬਰਤਨ, ਚਾਰ ਘੜੀਆ ਅਤੇ ਹੋਰ ਕੀਮਤੀ ਸਮਾਨ ਬਰਾਮਦ ਕੀਤਾ ਗਿਆ ਹੈ।ਉਨ੍ਹਾ ਕਿਹਾ ਕਿ ਚੋਰ ਆਪਣੇ ਆਪ ਨੂੰ ਜਗਰਾਉ ਦਾ ਰਹਿਣ ਵਾਲਾ ਦੱਸਦਾ ਹੈ ਜਿਸ ਨੂੰ ਸਹੀ-ਸਲਾਮਤ ਪੁਲਿਸ ਥਾਣਾ ਹਠੂਰ ਨੂੰ ਫੜ੍ਹਾ ਦਿੱਤਾ ਹੈ।ਇਸ ਮੌਕੇ ਸਮੂਹ ਪਿੰਡ ਡੱਲਾ ਵਾਸੀਆ ਨੇ ਪੁਲਿਸ ਪ੍ਰਸਾਸਨ ਤੋ ਮੰਗ ਕੀਤੀ ਕਿ ਚੋਰ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਪਿੰਡ ਵਿਚ ਪਿਛਲੇ ਸਮੇਂ ਹੋਈਆ ਹੋਰ ਚੋਰੀਆ ਦੀ ਵੀ ਪੜ੍ਹਤਾਲ ਕੀਤੀ ਜਾਵੇ।ਇਸ ਸਬੰਧੀ ਜਦੋ ਥਾਣਾ ਹਠੂਰ ਦੇ



ਇਚਾਰਜ ਗੁਰਸੇਵਕ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾ ਕਿਹਾ ਕਿ ਜਦੋ ਕੋਈ ਚੋਰ ਖਿਲਾਫ ਬਿਆਨ ਦਰਜ ਕਰਵਾਏਗਾ ਤਾਂ ਚੋਰ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਸਤਨਾਮ ਜਲਾਲਪੁਰ ਨੇ ਮਾਲੇਵਾਲ ਕੋਹਲੀ'ਚ ਪੇਸ਼ ਕੀਤਾ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਦਾ ਰਿਪੋਰਟ ਕਾਰਡਲ



**ਬਲਾਚੌਰ, 21ਜੁਲਾਈ ( ਜਤਿੰਦਰ ਪਾਲ ਸਿੰਘ ਕਲੇਰ )** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਜਨ-ਕਲਿਆਣਕਾਰੀ ਨੀਤੀਆਂ ਅਤੇ ਇਤਿਹਾਸਕ ਵਿਕਾਸ ਕਾਰਜਾਂ ਨੂੰ ਹਲਕੇ ਦੇ ਹਰ ਘਰ ਤੱਕ ਪਹੁੰਚਾਉਣ ਲਈ ਵਿੱਢੀ ਗਈ ਮੁਹਿੰਮ ਤਹਿਤ ਬਲਾਚੌਰ ਹਲਕੇ ਵਿੱਚ ਸਿਆਸੀ ਸਰਗਰਮੀਆਂ ਸਿਖਰ 'ਤੇ ਪਹੁੰਚ ਗਈਆਂ ਹਨ। ਇਸੇ ਕੜੀ ਤਹਿਤ ਸਾਬਕਾ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਵੱਲੋਂ ਅਰੰਭੀ ਗਈ ਲੋਕ-ਸੰਪਰਕ ਮੁਹਿੰਮ ਨੂੰ ਉਸ ਸਮੇਂ ਹੋਰ ਬਲ ਮਿਲਿਆ, ਜਦੋਂ ਪਿੰਡ ਮਾਲੇਵਾਲ ਕੋਹਲੀ ਵਿਖੇ ਹੋਈ ਵਿਸ਼ੇਸ਼ ਮੀਟਿੰਗ ਦੌਰਾਨ ਇਲਾਕਾ ਨਿਵਾਸੀਆਂ ਦਾ ਇੱਕ ਬਹੁਤ ਵੱਡਾ ਇਕੱਠ ਅਤੇ ਬੇਮਿਸਾਲ ਉਤਸ਼ਾਹ ਦੇਖਣ ਨੂੰ ਮਿਲਿਆ। ਪੰਜਾਬ ਸਰਕਾਰ ਦੀਆਂ ਇਤਿਹਾਸਕ ਪ੍ਰਾਪਤੀਆਂ ਦਾ ਕੀਤਾ ਜ਼ਿਕਰ ਮੀਟਿੰਗ ਦੌਰਾਨ ਜਨ-ਸਮੂਹ ਨੂੰ ਸੰਬੋਧਨ ਕਰਦਿਆਂ ਸਾਬਕਾ ਚੇਅਰਮੈਨ ਸਤਨਾਮ ਜਲਾਲਪੁਰ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਆਮ ਲੋਕਾਂ ਦੀ ਆਪਣੀ ਸਰਕਾਰ ਹੈ, ਜਿਸ ਨੇ ਆਪਣੇ ਛੋਟੇ ਜਿਹੇ ਕਾਰਜਕ-ਾਲ ਵਿੱਚ ਵਾਅਦਿਆਂ ਨੂੰ ਹਕੀਕਤ ਵਿੱਚ ਬਦਲਿਆ ਹੈ। ਉਨ੍ਹਾਂ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਦੱਸਿਆ ਕਿ 90 ਫੀਸਦੀ ਤੋਂ ਵਧੇਰੇ ਪਰਿਵਾਰਾਂ ਦਾ ਬਿੱਲ 'ਜ਼ੀਰੋ' ਆ ਰਿਹਾ ਹੈ।18 ਸਾਲ ਤੋਂ ਵੱਧ ਉਮਰ ਦੀਆਂ ਐਸ.ਸੀ. ਵਰਗ ਦੀਆਂ ਔਰਤਾਂ ਨੂੰ 1500 ਰੁਪਏ ਅਤੇ ਜਨਰਲ ਵਰਗ ਦੀਆਂ ਬੀਬੀਆਂ ਨੂੰ 1000 ਰੁਪਏ ਪ੍ਰਤੀ ਮਹੀਨਾ ਦਿੱਤੇ ਜਾ ਰਹੇ ਹਨ।ਮੈਰਿਟ ਆਧਾਰ 'ਤੇ ਹਜ਼ਾਰਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਅਤੇ ਸਕੂਲਾਂ ਨੂੰ 'ਸਕੂਲ ਆਫ਼ ਐਮੀਨੈਂਸ' ਵਜੋਂ ਵਿਕਸਤ ਕੀਤਾ ਗਿਆ ਹੈ'ਆਮ ਆਦਮੀ ਕਲੀਨਿਕ' ਗਰੀਬਾਂ ਲਈ ਸੰਜੀਵਨੀ ਬਣੇ ਹਨ ਅਤੇ ਕੰਢੀ ਏਰੀਏ ਲਈ 'ਲਿਫਟ ਇਰੀਗੇਸ਼ਨ ਸਕੀਮ' ਰਾਹੀਂ ਨਹਿਰੀ ਪਾਣੀ ਪਹੁੰਚਾਇਆ ਗਿਆ ਹੈ।'ਤੀਰਥ ਯਾਤਰਾ ਸਕੀਮ' ਤਹਿਤ 50 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਮੁਫ਼ਤ ਯਾਤਰਾ, ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਅਤੇ 'ਨਸ਼ਿਆਂ ਵਿਰੁੱਧ ਯੁੱਧ' ਰਾਹੀਂ ਤਸਕਰਾਂ 'ਤੇ ਨਕੇਲ ਕੱਸੀ ਗਈ ਹੈ।ਚੇਅਰਮੈਨ ਜਲਾਲਪੁਰ ਨੇ ਕਿਹਾ ਕਿ ਇਨ੍ਹਾਂ ਮੀਟਿੰਗਾਂ ਦਾ ਅਸਲ ਮਕਸਦ ਬਲਾਚੌਰ ਦੇ ਹਰੇਕ ਨਾਗਰਿਕ ਨਾਲ ਸਿੱਧਾ ਨਾਤਾ ਜੋੜਨਾ ਹੈ। ਉਨ੍ਹਾਂ ਦਾਅਵਾ ਕੀਤਾ ਕਿ 2027 ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਭਾਰੀ ਬਹੁਮਤ ਨਾਲ ਦੂਜੀ ਵਾਰ ਸਰਕਾਰ ਬਣਾਵੇਗੀ।ਪਿੰਡ ਮਾਲੇਵਾਲ ਕੋਹਲੀ ਵਿਖੇ ਪਹੁੰਚਣ 'ਤੇ ਸਾਬਕਾ ਚੇਅਰਮੈਨ ਦਾ ਭਰਵਾਂ ਸਵਾਗਤ ਕੀਤਾ ਗਿਆ। ਪਿੰਡ ਦੇ ਮੋਹਤਬਰਾਂ ਨੇ ਵਿਕਾਸ ਕਾਰਜਾਂ 'ਤੇ ਤਸੱਲੀ ਪ੍ਰਗਟਾਉਂਦਿਆਂ ਸਰਕਾਰ ਦਾ ਡਟ ਕੇ ਸਮਰਥਨ ਕਰਨ ਦਾ ਵਿਸ਼ਵਾਸ ਦਿਵਾਇਆ।ਇਸ ਮੌਕੇ ਸਰਪੰਚ ਰਵਿੰਦਰ ਕੁਮਾਰ, ਮਦਨ ਲਾਲ ਕਸਾਣਾ, ਸਿਕੰਦਰ ਲਾਲ, ਧਰਮ ਚੰਦ, ਜੀਤਪਾਲ, ਭੋਲਾ ਰਾਮ, ਅਮਰਜੀਤ ਚੇਚੀ, ਪ੍ਰੇਮ ਚੰਦ ਕਸਾਣਾ, ਮਹਿੰਦਰ ਪਾਲ, ਦਵਿੰਦਰ ਕਸਾਣਾ, ਗੋਗਾ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਨੌਜਵਾਨ ਹਾਜ਼ਰ ਸਨ।

# ਗੁਰਦੁਆਰਾ ਬਾਬਾ ਬਿਹਾਰੀ ਵਾਲਾ ਜੀ, ਪਿੰਡ ਨੌਰਾ ਵਿਖੇ 18ਵੇਂ ਗੁਰਮਤਿ ਸਮਾਗਮ ਮੌਕੇ ਮੈਡੀਕਲ ਤੇ ਖੂਨਦਾਨ ਕੈਂਪ ਦਾ ਆਯੋਜਨ

**ਬੰਗਾ 21 ਜੁਲਾਈ (ਚਰਨਜੀਤ ਸੱਲ੍ਹਾ)** ਗੁਰਦੁਆਰਾ ਬਾਬਾ ਬਿਹਾਰੀ ਵਾਲਾ ਜੀ, ਪਿੰਡ ਨੌਰਾ ਵਿਖੇ ਬਾਬਾ ਬਿਹਾਰੀ ਜੀ, ਬਾਬਾ ਸਾਹਿਬ ਸਿੰਘ ਬੇਦੀ ਜੀ, ਸੰਤ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ ਅਤੇ ਸਮੂਹ ਗ੍ਰੰਥੀ ਸਿੰਘਾਂ ਤੇ ਸੇਵਾਦਾਰਾਂ ਦੀ ਪਾਵਨ ਯਾਦ ਨੂੰ ਸਮਰਪਿਤ 18ਵੇਂ ਗੁਰਮਤਿ ਸਮਾਗਮ ਦੇ ਮੌਕੇ ਮੈਡੀਕਲ ਕੈਂਪ ਅਤੇ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ । ਸਮਾਗਮ ਦਾ ਆਰੰਭ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਇਆ। ਇਸ ਮੌਕੇ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ (17ਵੀਂ ਅੰਸ਼ ਗੁਰੂ ਨਾਨਕ ਦੇਵ ਜੀ), ਬਾਬਾ ਭਾਗ ਸਿੰਘ ਜੀ ਕਜਲੇ ਵਾਲੇ, ਬਾਬਾ ਜੋਗਿੰਦਰ ਸਿੰਘ ਜੀ ਅਟਾਰੀ ਵਾਲੇ, ਬਾਬਾ ਗੁਰਬਚਨ ਸਿੰਘ ਜੀ ਪਠਲਾਵਾ ਵਾਲੇ, ਬਾਬਾ ਸਤਨਾਮ ਸਿੰਘ ਜੀ ਮੁੱਖ ਸੇਵਾਦਾਰ ਕਿਲ੍ਹਾ ਅਨੰਦਗੜ੍ਹ ਸਾਹਿਬ, ਅਨੰਦਪੁਰ ਸਾਹਿਬ, ਬਾਬਾ ਬਲਜਿੰਦਰ ਸਿੰਘ ਜੀ ਜੋਤੀ ਸਰੂਪ ਵਾਲੇ, ਗਿਆਨੀ ਸਰਬਜੀਤ ਸਿੰਘ ਲੁਧਿਆਣਾ ਵਾਲੇ, ਜਥੇਦਾਰ ਬਾਬਾ ਨੌਰੰਗ ਸਿੰਘ ਜੀ ਤਰਨਾ ਦਲ ਹਰੀਆਂ ਬੇਲਾਂ ਵਾਲੇ, ਜਥੇਦਾਰ ਬਾਬਾ ਸਵਰਨਜੀਤ ਸਿੰਘ ਜੀ ਮਿਸਲ ਸ਼ਹੀਦਾ ਤਰਨਾ ਦਲ, ਜਥੇਦਾਰ ਮਲਕੀਤ ਸਿੰਘ ਜੀ ਅਕਾਲੀ ਪੰਥ ਬੁੱਢਾ ਦਲ 96 ਕਰੋੜੀ ਅਤੇ ਕੁਲਵਿੰਦਰ ਸਿੰਘ ਢਾਹਾਂ, ਪ੍ਰਧਾਨ, ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ, ਢਾਹਾਂ ਕਲੇਰਾਂ ਸਮੇਤ ਅਨੇਕਾਂ ਧਾਰਮਿਕ, ਸਮਾਜਿਕ ਅਤੇ



ਪੰਥਕ ਸ਼ਖਸੀਅਤਾਂ ਨੇ ਕੈਂਪ ਦਾ ਦੌਰਾ ਕਰਕੇ ਨਿਸ਼ਕਾਮ ਸੇਵਾ ਦੇ ਇਸ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ ਕੀਤੀ। ਬੁਲਾਰਿਆਂ ਨੇ ਕਿਹਾ ਕਿ ਸਿੱਖ ਧਰਮ ਦਾ ਸਰਬੱਤ ਦੇ ਭਲੇ ਦਾ ਮਹਾਨ ਸਿਧਾਂਤ ਮਨੁੱਖਤਾ ਦੀ ਸੇਵਾ, ਸਿਹਤ ਸੰਭਾਲ ਅਤੇ ਖੂਨਦਾਨ ਵਰਗੇ ਲੋਕ ਭਲਾਈ ਦੇ ਕਾਰਜਾਂ ਰਾਹੀਂ ਹੀ ਸਾਕਾਰ ਹੁੰਦਾ ਹੈ। ਉਨ੍ਹਾਂ ਨੇ ਖੂਨਦਾਨੀਆਂ, ਡਾਕਟਰੀ ਟੀਮ ਅਤੇ ਸੇਵਾਦਾਰਾਂ ਦਾ ਹੌਸਲਾ ਵਧਾਉਂਦਿਆਂ ਕਿਹਾ ਕਿ ਅਜਿਹੇ ਉਪਰਾਲੇ ਸਮਾਜ ਨੂੰ ਸਿਹਤਮੰਦ ਅਤੇ ਸੇਵਾ ਭਾਵਨਾ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ।

ਮੈਡੀਕਲ ਕੈਂਪ ਵਿੱਚ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਡਾ. ਕੁਲਦੀਪ ਸਿੰਘ, ਸੀਨੀਅਰ ਮੈਡੀਕਲ ਅਫ਼ਸਰ ਦੀ ਅਗਵਾਈ ਹੇਠ ਮੈਡੀਕਲ ਟੀਮ ਨੇ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਦੇ ਬੀ ਪੀ ਦੇ ਮਰੀਜ਼ਾਂ ਦੀ ਫਰੀ ਜਾਂਚ ਕੀਤੀ ਗਈ । ਇਸ ਦੌਰਾਨ ਮਰੀਜ਼ਾਂ ਦਾ ਮੁਫ਼ਤ ਸ਼ੂਗਰ ਟੈਸਟ, ਬੀਪੀ ਚੈੱਕਅੱਪ ਕਰਨ ਉਪਰੰਤ ਮੁਫ਼ਤ ਦਵਾਈਆਂ ਵੀ ਪ੍ਰਦਾਨ ਕੀਤੀਆਂ ਗਈਆਂ । ਇਸ ਮੌਕੇ ਨੌਰਾ ਤੋਂ ਆਪਟੋਮੀਟੀਰੀਅਸ ਪ੍ਰਵੀਨ ਕੁਮਾਰ ਬ੍ਰਾਈਟ ਵਿਜ਼ਨ ਵੱਲੋਂ ਮੁਫ਼ਤ ਐਨਕਾਂ ਵੀ ਪ੍ਰਦਾਨ ਕੀਤੀਆਂ ਗਈਆਂ । ਖੂਨਦਾਨ ਕੈਂਪ ਵਿੱਚ 21 ਨੌਜਵਾਨਾਂ ਅਤੇ ਬੀਬੀਆਂ ਨੇ ਉਤਸ਼ਾਹ ਨਾਲ ਖੂਨਦਾਨ ਕਰਕੇ ਮਨੁੱਖਤਾ ਦੀ ਸੇਵਾ ਦਾ ਸੰਦੇਸ਼ ਦਿੱਤਾ । ਕੈਂਪ ਵਿਚ 200 ਤੋਂ ਵੱਧ ਮਰੀਜ਼ਾਂ ਨੇ ਲਾਭ ਪ੍ਰਾਪਤ ਕੀਤਾ । ਖੂਨਦਾਨੀਆਂ ਦੀ ਹੌਂਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ । ਕੈਂਪ ਸਮਾਗਮ ਲਈ ਗੁਰਦੁਆਰਾ ਬਾਬਾ ਬਿਹਾਰੀ ਵਾਲਾ ਜੀ, ਪਿੰਡ ਨੌਰਾ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਲਵਿੰਦਰ ਸਿੰਘ, ਸੈਕਟਰੀ ਸਤਵਿੰਦਰ ਸਿੰਘ, ਮੀਤ ਪ੍ਰਧਾਨ ਪ੍ਰੀਤਮ ਸਿੰਘ, ਮੀਤ ਪ੍ਰਧਾਨ ਮੋਹਨ ਸਿੰਘ, ਰਵਿੰਦਰ ਸਿੰਘ ਖਜ਼ਾਨਚੀ ਅਤੇ ਸਮੂਹ ਕਮੇਟੀ ਮੈਂਬਰਾਂ ਨੇ ਇਲਾਕੇ ਦੀਆਂ ਸੰਗਤਾਂ ਵੱਲੋਂ ਮਿਲੇ ਭਰਪੂਰ ਸਹਿਯੋਗ ਲਈ ਧੰਨਵਾਦ ਕੀਤਾ । ਉਨ੍ਹਾਂ ਨੇ ਸੰਗਤ ਨੂੰ ਭਵਿੱਖ ਵਿੱਚ ਵੀ ਅਜਿਹੇ ਸੇਵਾ ਕਾਰਜਾਂ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਅਪੀਲ ਕੀਤੀ । ਇਸ ਮੌਕੇ ਪਰਮਜੀਤ ਸਿੰਘ ਨੌਰਾ, ਦਵਿੰਦਰ ਸਿੰਘ ਪਾਬਲਾ, ਡਾ ਰਾਹੁਲ ਗੋਇਲ ਬੀ ਟੀ ਓ, ਮਨਜੀਤ ਸਿੰਘ ਬਲੱਡ ਬੈਂਕ ਇੰਚਾਰਜ, ਟੈਕਨੀਸ਼ੀਅਨ ਹਿਮਾਂਸ਼ੂ ਕੁਮਾਰ ਪਾਂਡੇ, ਹਰਦੀਪ ਸੰਧੀ ਸਟਾਫ ਵੀ ਹਾਜ਼ਰ ਸਨ ।

# ਵਿਸ਼ਾਲ ਸ਼ਾਹੂ ਮੇਲਾ 26 ਜੁਲਾਈ ਨੂੰ ਡਾ ਅੰਬੇਦਕਰ ਪਾਰਕ ਹਦੀਆਬਾਦ ਵਿਖੇ ਹੋਵੇਗਾ

**ਫਗਵਾੜਾ 21 ਜੁਲਾਈ (ਚਰਨਜੀਤ ਸੱਲ੍ਹਾ )** ਵਿਸ਼ਾਲ ਸ਼ਾਹੂ ਮੇਲਾ 26 ਜੁਲਾਈ 2026 ਨੂੰ ਹਦੀਆਬਾਦ ਵਿਖੇ ਹੋਵੇਗਾ। ਰਾਖਵਾਂਕਰਨ ਦੇ ਪਿਤਾਮਾ ਅਤੇ ਲੋਕਤੰਤਰ ਦੇ ਸਤੰਭ ਛੱਤਰਪਤੀ ਸ਼ਾਹੂ ਮਹਾਂਰਾਜ ਜੀ ਦੇ ਜਨਮ ਦਿਵਸ ਅਤੇ ਰਾਖਵਾਂਕਰਨ ਨੂੰ ਸਮਰਪਿਤ ਸ਼ਾਹੂ ਮੇਲਾ 26 ਜੁਲਾਈ 2026 ਦਿਨ ਐਤਵਾਰ ਨੂੰ 10 ਵਜੇ ਤੋਂ 1 ਵਜੇ ਤੱਕ ਡਾ ਬੀ ਆਰ ਅੰਬੇਡਕਰ ਕਮਿਊਨਿਟੀ ਹਾਲ ਵਿੱਚ ਹੋਵੇਗਾ। ਜਿਸ ਵਿੱਚ ਮਿਸ਼ਨਰੀ ਬੁਲਾਰੇ




ਸੋਹਣ ਸਹਿਜਲ, ਚਮਨ ਲਾਲ ਚਣਕੋਆ, ਭੁਪਿੰਦਰ ਸਿੰਘ, ਗੁਰਮੁਖ ਚਾਨਾ,ਡਾ ਸੁਖਬੀਰ ਸਲਾਰਪੁਰ, ਐਡਵੋਕੇਟ ਵਿਜੈ ਬੱਧਣ, ਸੁਖਵਿੰਦਰ ਸਿੰਘ ਕੌਂਸ਼ ਅਤੇ ਬਲਵਿੰਦਰ ਢੰਡਾ ਹੋਣਗੇ। ਸਹਿਯੋਗੀ ਸਾਰੇ ਮਿਸ਼ਨਰੀ ਸਾਥੀ ਅਤੇ ਐਨ ਆਰ ਆਈ ਵੀਰ ਸ਼ਾਮਲ ਹਨ।ਚਾਹ ਅਤੇ ਭੋਜਨ ਦਾ ਖ਼ਾਸ ਪ੍ਰਬੰਧ ਕੀਤਾ ਗਿਆ ਹੈ। ਇਸ ਪ੍ਰੋਗਰਾਮ ਵਿੱਚ ਮਿਸ਼ਨਰੀ ਗਾਇਕ ਵੀ ਪਹੁੰਚ ਰਹੇ ਹਨ।ਮਿਸ ਸੀਤਾ ਕੌਲ ਪ੍ਰਧਾਨ , ਰਾਮੇਸ਼ ਕੌਲ ਚੇਅਰਮੈਨ ਅਤੇ ਡਾ ਬੀ ਆਰ ਅੰਬੇਡਕਰ ਵੈੱਲਫੇਅਰ ਸੁਸਾਇਟੀ ਰਜਿ ਹਦੀਆਬਾਦ ਫਗਵਾੜਾ।

# ਸਮੇਂ ਸਿਰ ਇਲਾਜ ਬਣਿਆ ਵਰਦਾਨ : ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਸਰਜਨ ਡਾ. ਬੈਂਸ ਨੇ ਬਚਾਈ ਨੌਜਵਾਨ ਦੀ ਜਾਨ

## ਅਪੈਂਡਿਕਸ ਫੱਟਣ ਕਾਰਨ ਜਾਨਲੇਵਾ ਹਾਲਤ ਵਿੱਚ ਪਹੁੰਚੇ ਨੌਜਵਾਨ ਦੀ ਢਾਹਾਂ ਕਲੇਰਾਂ ਹਸਪਤਾਲ ਵਿੱਚ ਸਫ਼ਲ ਸਰਜਰੀ

**ਬੰਗਾ 21 ਜੁਲਾਈ ( ਚਰਨਜੀਤ ਸੱਲ੍ਹਾ)** ਗੁਰੂ ਨਾਨਕ ਮਿਸ਼ਨ ਹਸਪਤਾਲ, ਢਾਹਾਂ ਕਲੇਰਾਂ ਦੇ ਪੇਟ ਦੇ ਰੋਗਾਂ ਦੇ ਮਾਹਿਰ ਲੈਪਰੋਸਕੋਪਿਕ ਅਤੇ ਵੱਡੇ ਅਪਰੇਸ਼ਨਾਂ ਦੇ ਮਾਹਿਰ ਡਾ. ਮਾਨਵਦੀਪ ਸਿੰਘ ਬੈਂਸ ਐਮ ਐਸ ਨੇ ਸਮੇਂ ਸਿਰ ਐਮਰਜੈਂਸੀ ਸਰਜਰੀ ਕਰਕੇ ਨੌਜਵਾਨ ਦੀ ਜਾਨ ਬਚਾਉਣ ਦਾ ਸਮਾਚਾਰ ਹੈ । ਹਸਪਤਾਲ ਵਿੱਚ ਪਹੁੰਚੇ ਮਰੀਜ਼ ਪਲਵਿੰਦਰ ਕੁਮਾਰ ਨੂੰ ਅਪੈਂਡਿਕਸ ਦੀ ਗੰਭੀਰ ਸਮੱਸਿਆ ਕਾਰਨ ਅਸਹਿਣਯੋਗ ਪੇਟ ਦਰਦ, ਸੋਜ ਅਤੇ ਉਲਟੀਆਂ ਦੀ ਸ਼ਿਕਾਇਤ ਸੀ । ਜਾਂਚ ਦੌਰਾਨ ਪਤਾ ਲੱਗਾ ਕਿ ਅਪੈਂਡਿਕਸ ਦੇ ਫੱਟ ਜਾਣ ਕਾਰਨ ਮਰੀਜ਼ ਦੀ ਸਥਿਤੀ ਬਹੁਤ ਨਾਜ਼ੁਕ ਅਤੇ ਗੰਭੀਰ ਸੀ, ਜਿਸ ਕਾਰਨ ਮਰੀਜ਼ ਦੀ ਜਾਨ ਨੂੰ ਖ਼ਤਰਾ ਸੀ । ਡਾ. ਬੈਂਸ ਨੇ ਬਿਨਾਂ ਦੇਰੀ ਕੀਤੇ ਐਮਰਜੈਂਸੀ ਅਪਰੇਸ਼ਨ ਕਰਨ ਦਾ ਫ਼ੈਸਲਾ ਲਿਆ ਅਤੇ ਅਪੈਂਡਿਕਸ ਦੀ ਸਫ਼ਲ ਸਰਜਰੀ ਤੋਂ ਬਾਅਦ ਮਰੀਜ਼ ਤੰਦਰੁਸਤ ਹੈ ਅਤੇ ਤੀਜੇ ਦਿਨ ਹੀ ਹਸਪਤਾਲ ਤੋਂ ਛੁੱਟੀ ਮਿਲ ਗਈ । ਡਾ. ਬੈਂਸ ਨੇ ਦੱਸਿਆ ਕਿ ਜੇਕਰ ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਇਲਾਜ ਵਿੱਚ ਦੇਰੀ ਹੋ ਜਾਵੇ ਤਾਂ ਅੰਤੜੀ ਨੂੰ ਨੁਕਸਾਨ




**ਡਾ. ਮਾਨਵਦੀਪ ਸਿੰਘ ਬੈਂਸ, ਹਸਪਤਾਲ ਸਟਾਫ ਅਤੇ ਆਪਣੇ ਪਰਿਵਾਰਿਕ ਮੈਂਬਰਾਂ ਨਾਲ ਮਰੀਜ਼ ਪਲਵਿੰਦਰ ਕੁਮਾਰ ਖੁਸ਼ੀ ਭਰੇ ਮਾਹੌਲ ਵਿਚ।**

ਪਹੁੰਚ ਸਕਦਾ ਹੈ ਅਤੇ ਮਰੀਜ਼ ਦੀ ਜਾਨ ਨੂੰ ਵੀ ਖ਼ਤਰਾ ਹੋ ਸਕਦਾ ਹੈ । ਉਹਨਾਂ ਨੇ ਦੱਸਿਆ ਕਿ ਅਪੈਂਡਿਕਸ ਇੱਕ ਛੋਟੀ ਉਂਗਲੀ ਦੇ ਆਕਾਰ ਦਾ ਥੈਲੀ ਹੈ ਜੋ ਪੇਟ ਦੇ ਹੇਠਲੇ ਸੱਜੇ ਹਿੱਸੇ ਵਿੱਚ ਵੱਡੀ ਅੰਤੜੀ ਨਾਲ ਜੁੜੀ ਹੁੰਦੀ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਅਪੈਂਡਿਕਸ ਕਰਕੇ ਪੇਟ ਦੇ ਵਿਚ ਸੱਜੇ ਪਾਸੇ ਤੇਜ਼ ਦਰਦ, ਉਲਟੀਆਂ ਜਾਂ ਪੇਟ ਵਿੱਚ ਸੋਜ ਵਰਗੇ ਲੱਛਣਾਂ ਪਤਾ ਲੱਗੇ ਤਾਂ ਇਸ ਨੂੰ ਆਮ ਦਰਦ ਸਮਝ ਕੇ ਨਜ਼ਰਅੰਦਾਜ਼ ਨਾ ਕੀਤਾ ਜਾਵੇ, ਤੁਰੰਤ ਮਾਹਿਰ ਡਾਕਟਰ ਸਾਹਿਬਾਨ ਮਿਲਿਆ ਜਾਵੇ । ਇਸ ਮੌਕੇ ਹਸਪਤਾਲ ਪ੍ਰਬੰਧਕ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸਮੇਂ ਸਿਰ, ਸਹੀ ਫੈਸਲਾ ਲੈ ਕੇ ਸਫ਼ਲ ਅਪਰੇਸ਼ਨ ਨਾਲ ਨੌਜਵਾਨ ਦੀ ਜਾਨ ਲਈ ਡਾ. ਮਾਨਵਦੀਪ ਸਿੰਘ ਬੈਂਸ ਅਤੇ ਉਹਨਾਂ ਦੀ ਟੀਮ ਨੂੰ ਵਧਾਈ ਦਿੱਤੀ । ਸ. ਢਾਹਾਂ ਨੇ ਕਿਹਾ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿੱਚ ਆਧੁਨਿਕ ਤਕਨੀਕਾਂ, ਤਜਰ-ਬੇਕਾਰ ਡਾਕਟਰਾਂ, ਸਰਜਨਾਂ ਅਤੇ 24 ਘੰਟੇ ਐਮਰਜੈਂਸੀ ਮੈਡੀਕਲ ਸੇਵਾਵਾਂ ਰਾਹੀਂ ਮਰੀਜ਼ਾਂ ਨੂੰ ਮਿਆਰੀ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ । ਇਸ ਮੌਕੇ ਨੌਜਵਾਨ ਦੇ ਮਾਤਾ ਜੀ ਪਰਮਜੀਤ ਕੌਰ, ਲੱਖੀ ਸਿੰਘ ਮਾਮਾ ਜੀ, ਜਸਵਿੰਦਰ ਰਾਮ ਚਾਚਾ ਜੀ ਅਤੇ ਹੋਰ ਪਰਿਵਾਰਕ ਮੈਂਬਰਾਂ ਨੇ ਹਸਪਤਾਲ ਦੇ ਪ੍ਰਬੰਧਕ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਟਰੱਸਟ ਅਤੇ ਡਾਕਟਰ ਮਾਨਵਦੀਪ ਸਿੰਘ ਬੈਂਸ ਅਤੇ ਸਮੂਹ ਮੈਡੀਕਲ ਟੀਮ ਦਾ ਵਧੀਆ ਅਪਰੇਸ਼ਨ ਅਤੇ ਇਲਾਜ ਕਰਨ ਲਈ ਤਹਿ ਦਿਲੋਂ ਧੰਨਵਾਦ ਕੀਤਾ ।

# ਆਪਣੇ ਬੱਚਿਆਂ ਦੇ ਭਵਿੱਖ ਦਾ ਫੈਸਲਾ ਕਰਨ ਲਈ ਬਸਪਾ ਨੂੰ ਚੁਣੋਂ : ਰਾਜ ਕੁਮਾਰ ਭੁੱਟੋ

**ਜਲੰਧਰ (ਚਰਨਜੀਤ ਸੱਲ੍ਹਾ )** ਬਸਪਾ ਚੁਣੋ, ਅੱਛਾ ਚੁਣੋ ਲੋਕਤੰਤਰ ਵਿੱਚ ਵੋਟ ਸਿਰਫ਼ ਇੱਕ ਨਿਸ਼ਾਨ 'ਤੇ ਲੱਗਣ ਵਾਲੀ ਮੋਹਰ ਨਹੀਂ, ਸਗੋਂ ਸਾਡੇ ਅਤੇ ਸਾਡੇ ਬੱਚਿਆਂ ਦੇ ਭਵਿੱਖ ਦਾ ਫ਼ੈਸਲਾ ਹੁੰਦੀ ਹੈ। ਜਦੋਂ ਵੀ ਚੋਣਾਂ ਆਉਂਦੀਆਂ ਹਨ, ਹਰ ਪਾਰਟੀ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕਰਦੀ ਹੈ। ਭਾਜਪਾ ਆਪਣੇ ਵਾਅਦੇ ਕਰਦੀ ਹੈ, ਕਾਂਗਰਸ ਆਪਣੀਆਂ ਗੱਲਾਂ ਕਰਦੀ ਹੈ, ਆਮ ਆਦਮੀ ਪਾਰਟੀ ਆਪਣਾ ਦਾਅਵਾ ਕਰਦੀ ਹੈ ਅਤੇ ਖੇਤਰੀ ਪਾਰਟੀਆਂ ਵੀ ਲੋਕਾਂ ਨੂੰ ਭਰੋਸੇ ਦਿੰਦੀਆਂ ਹਨ। ਪਰ ਇੱਕ ਵੋਟਰ ਹੋਣ ਦੇ ਨਾਤੇ ਸਾਨੂੰ ਇਹ ਵੀ ਦੇਖਣਾ ਚਾਹੀਦਾ ਹੈ ਕਿ ਪਿਛਲੇ ਸਾਲਾਂ ਵਿੱਚ ਕਿਸ ਪਾਰਟੀ ਨੇ ਆਪਣੇ ਵਾਅਦਿਆਂ ਨੂੰ ਕਿੰਨਾ ਨਿਭਾਇਆ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਕਿੰਨਾ ਹੱਲ ਕੀਤਾ।



ਅੱਜ ਵੀ ਬਹੁਤ ਸਾਰੇ ਪਰਿਵਾਰ ਬੇਰੁਜ਼ਗਾਰੀ ਨਾਲ ਜੂਝ ਰਹੇ ਹਨ। ਕਿਸਾਨ ਆਪਣੀਆਂ ਫ਼ਸਲਾਂ ਦੇ ਠੀਕ ਭਾਅ ਲਈ ਸੰਘਰਸ਼ ਕਰ ਰਹੇ ਹਨ। ਮਜ਼ਦੂਰ ਮਹਿੰਗਾਈ ਕਾਰਨ ਪਰੇਸ਼ਾਨ ਹਨ। ਨੌਜਵਾਨ ਰੁਜ਼ਗਾਰ ਲਈ ਧੱਕੇ ਖਾ ਰਹੇ ਹਨ। ਸਿੱਖਿਆ ਅਤੇ ਸਿਹਤ ਅਜੇ ਵੀ ਬਹੁਤ ਸਾਰੇ ਲੋਕਾਂ ਲਈ ਮਹਿੰਗੀ ਹੈ। ਨਸ਼ਿਆਂ ਦਾ ਮੁੱਦਾ ਪੰਜਾਬ ਲਈ ਗੰਭੀਰ ਚਿੰਤਾ ਬਣਿਆ ਹੋਇਆ ਹੈ। ਇਹ ਸਾਰੇ ਮੁੱਦੇ ਸਾਨੂੰ ਸੋਚਣ ਲਈ ਮਜਬੂਰ ਕਰਦੇ ਹਨ ਕਿ ਸਾਨੂੰ ਵੋਟ ਪਾਉਣ ਸਮੇਂ ਸਿਰਫ਼ ਨਾਰਿਆਂ ਨਹੀਂ, ਸਗੋਂ ਨੀਤੀਆਂ, ਕੰਮ ਅਤੇ ਭਵਿੱਖ ਦੀ ਦਿਸ਼ਾ ਨੂੰ ਵੀ ਦੇਖਣਾ ਚਾਹੀਦਾ ਹੈ।

ਬਹੁਜਨ ਸਮਾਜ ਪਾਰਟੀ (ਬਸਪਾ) ਆਪਣੇ ਆਪ ਨੂੰ ਸਮਾਜਿਕ ਨਿਆਂ, ਸੰਵਿਧਾਨ ਦੀ ਰੱਖਿਆ, ਬਰਾਬਰੀ, ਸਿੱਖਿਆ, ਰੁਜ਼ਗਾਰ ਅਤੇ ਹਰ ਵਰਗ ਦੇ ਸਨਮਾਨ ਦੀ ਗੱਲ ਕਰਨ ਵਾਲੀ ਪਾਰਟੀ ਵਜੋਂ ਪੇਸ਼ ਕਰਦੀ ਹੈ। ਜੇ ਤੁਸੀਂ ਇਸ ਦ੍ਰਿਸ਼ਟੀਕੋਣ ਨਾਲ ਸਹਿਮਤ ਹੋ ਅਤੇ ਮੰਨਦੇ ਹੋ ਕਿ ਇੱਕ ਵੱਖਰਾ ਰਾਜਨੀਤਿਕ ਵਿਕਲਪ ਅਜ਼ਮਾਉਣਾ ਚਾਹੀਦਾ ਹੈ, ਤਾਂ ਬਸਪਾ ਨੂੰ ਆਪਣਾ ਸਮਰਥਨ ਦੇਣ ਬਾਰੇ ਵਿਚਾਰ ਕਰ ਸਕਦੇ ਹੋ।ਆਓ ਅਸੀਂ ਜਾਤ-ਪਾਤ, ਧਰਮ, ਲਾਲਚ ਅਤੇ ਡਰ ਤੋਂ ਉੱਪਰ ਉੱਠ ਕੇ ਆਪਣੇ ਜ਼ਮੀਰ ਦੀ ਆਵਾਜ਼ ਸੁਣੀਏ। ਆਪਣੀ ਵੋਟ ਉਸ ਵਿਕਲਪ ਨੂੰ ਦਈਏ ਜੋ ਸਾਡੇ ਖੇਤਰ, ਸਾਡੇ ਸਮਾਜ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਬਿਹਤਰ ਭਵਿੱਖ ਬਣਾਉਣ ਦੀ ਕੋਸ਼ਿਸ਼ ਕਰਦਾ ਹੋਵੇ।

ਸੋਚ ਬਦਲੋ - ਸਿਆਸਤ ਬਦਲੋ।

ਫ਼ੈਸਲਾ ਤੁਹਾਡਾ, ਭਵਿੱਖ ਤੁਹਾਡਾ।

**ਬਸਪਾ ਚੁਣੋ - ਅੱਛਾ ਚੁਣੋ।**

**ਰਾਜ ਕੁਮਾਰ ਭੁੱਟੋ**
**ਮੋਬਾਈਲ: 9779037118**

# ਹੈਪਾਟਾਈਟਿਸ-ਸੀ ਦੀ ਸਮੇਂ ਸਿਰ ਜਾਂਚ ਅਤੇ ਜਾਗਰੂਕਤਾ ਹੀ ਬਚਾਅ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ - ਡਾ. ਮਨਦੀਪ ਕਮਲ

**ਹੁਸ਼ਿਆਰਪੁ (ਸਤਨਾਮ ਸਿੰਘ ਸਹੂੰਗੜਾ)** ਜੁਲਾਈ ਹੈਪਾਟਾਈਟਿਸ-ਸੀ (ਐਚ.ਸੀ.ਵੀ.) ਇੱਕ ਵਾਇਰਲ ਸੰਕਰਮਣ ਹੈ ਜੋ ਮੁੱਖ ਤੌਰ 'ਤੇ ਜਿਗਰ ਨੂੰ ਪ੍ਰਭਾਵਿਤ ਕਰਦਾ ਹੈ। ਸ਼ੁਰੂਆਤੀ ਦੌਰ ਵਿੱਚ ਇਸ ਬਿਮਾਰੀ ਦੇ ਲੱਛਣ ਬਹੁਤ ਘੱਟ ਜਾਂ ਬਿਲਕੁਲ ਨਹੀਂ ਹੁੰਦੇ, ਜਿਸ ਕਾਰਨ ਕਈ ਲੋਕ ਸਾਲਾਂ ਤੱਕ ਇਸ ਬਿਮਾਰੀ ਨਾਲ ਪੀੜਤ ਰਹਿੰਦੇ ਹਨ ਪਰ ਉਨ੍ਹਾਂ ਨੂੰ ਇਸ ਬਾਰੇ ਪਤਾ ਨਹੀਂ ਲੱਗਦਾ। ਜੇਕਰ ਸਮੇਂ ਸਿਰ ਜਾਂਚ ਅਤੇ ਇਲਾਜ ਨਾ ਕਰਵਾਇਆ ਜਾਵੇ ਤਾਂ ਇਹ ਬਿਮਾਰੀ ਲਿਵਰ ਸਿਰੋਸਿਸ, ਲਿਵਰ ਫੇਲ੍ਹ ਹੋਣ ਅਤੇ ਲਿਵਰ ਕੈਂਸਰ ਵਰਗੀਆਂ ਗੰਭੀਰ ਸਥਿਤੀਆਂ ਦਾ ਕਾਰਨ ਬਣ ਸਕਦੀ ਹੈ। ਇਸ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਸਿਵਲ ਸਰਜਨ ਹੁਸ਼ਿਆਰਪੁਰ ਡਾ. ਮਨਦੀਪ ਕਮਲ ਨੇ ਦੱਸਿਆ ਕਿ ਹੈਪਾਟਾਈਟਿਸ-ਸੀ ਮੁੱਖ ਤੌਰ 'ਤੇ ਸੰਕਰਮਿਤ ਖੂਨ ਦੇ ਸੰਪਰਕ ਨਾਲ ਫੈਲਦਾ ਹੈ। ਇਸ ਲਈ ਕਦੇ ਵੀ ਕਿਸੇ ਹੋਰ ਦੀ ਵਰਤੀ ਹੋਈ ਸੂਈ ਜਾਂ ਸਰਿੰਜ



ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਟੈਟੂ, ਪੀਅਰਸਿੰਗ ਜਾਂ ਕਿਸੇ ਵੀ ਮੈਡੀਕਲ ਪ੍ਰਕਿਰਿਆ ਲਈ ਹਮੇਸ਼ਾ ਸਟੀਰਲ ਉਪਕਰਨਾਂ ਦੀ ਵਰਤੋਂ ਯਕੀਨੀ ਬਣਾਈ ਜਾਵੇ। ਸਿਰਫ਼ ਲਾਇਸੈਂਸਸ਼ੁਦਾ ਅਤੇ ਮਾਨਤਾ ਪ੍ਰਾਪਤ ਸਿਹਤ ਸੰਸਥਾਵਾਂ ਤੋਂ ਹੀ ਇਲਾਜ ਕਰਵਾਇਆ ਜਾਵੇ। ਡਾ. ਮਨਦੀਪ ਕਮਲ ਨੇ ਕਿਹਾ ਕਿ ਹੈਪਾਟਾਈਟਿਸ-ਸੀ ਬਾਰੇ ਲੋਕਾਂ ਵਿੱਚ ਅਜੇ ਵੀ ਕਈ ਭਰਮ ਮੌਜੂਦ ਹਨ। ਇਹ ਬਿਮਾਰੀ ਹੱਥ ਮਿਲਾਉਣ, ਗਲੇ ਮਿਲਣ, ਇਕੱਠੇ ਬੈਠਣ, ਖਾਣਾ ਸਾਂਝਾ ਕਰਨ, ਪਾਣੀ ਪੀਣ ਜਾਂ ਮੱਛਰ ਦੇ ਕੱਟਣ ਨਾਲ ਨਹੀਂ ਫੈਲਦੀ। ਇਸ ਲਈ ਹੈਪਾਟਾਈਟਿਸ-ਸੀ ਨਾਲ ਪੀੜਤ ਵਿਅਕਤੀਆਂ ਨਾਲ ਕਿਸੇ ਵੀ ਤਰ੍ਹਾਂ ਦਾ ਭੇਦਭਾਵ ਨਹੀਂ ਕਰਨਾ ਚਾਹੀਦਾ। ਉਨ੍ਹਾਂ ਨੂੰ ਸਮਾਜਿਕ ਅਤੇ ਪਰਿਵਾਰਕ ਸਹਿਯੋਗ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਵਿਅਕਤੀਆਂ ਨੂੰ ਪਹਿਲਾਂ ਖੂਨ ਚੜ੍ਹਾਇਆ ਗਿਆ ਹੋਵੇ, ਡਾਇਲਿਸਿਸ ਹੁੰਦੀ ਹੋਵੇ, ਇੰਜੈਕਸ਼ਨਾਂ ਰਾਹੀਂ ਨਸ਼ਾ ਕਰਨ ਦਾ ਇਤਿਹਾਸ ਹੋਵੇ ਜਾਂ ਜਿਨ੍ਹਾਂ ਨੇ ਅਸੁਰੱਖਿਅਤ ਢੰਗ ਨਾਲ ਟੈਟੂ ਜਾਂ ਪੀਅਰਸਿੰਗ ਕਰਵਾਈ ਹੋਵੇ, ਉਨ੍ਹਾਂ ਨੂੰ ਹੈਪਾਟਾਈਟਿਸ-ਸੀ ਦੀ ਜਾਂਚ ਜ਼ਰੂਰ ਕਰਵਾਉਣੀ ਚਾਹੀਦੀ ਹੈ। ਜੇਕਰ ਲਗਾਤਾਰ ਥਕਾਵਟ, ਭੁੱਖ ਨਾ ਲੱਗਣਾ, ਪੀਲੀਆ ਜਾਂ ਜਿਗਰ ਨਾਲ ਸੰਬੰਧਿਤ ਹੋਰ ਲੱਛਣ ਮਹਿਸੂਸ ਹੋਣ ਤਾਂ ਵੀ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੈਪਾਟਾਈਟਿਸ-ਸੀ ਦੀ ਜਾਂਚ ਅਤੇ ਇਲਾਜ ਦੀਆਂ ਸਹੂਲਤਾਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਪੂਰੀ ਤਰ੍ਹਾਂ ਮੁਫ਼ਤ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਮੇਂ ਸਿਰ ਜਾਂਚ ਅਤੇ ਪੂਰਾ ਇਲਾਜ ਕਰਵਾਉਣ ਨਾਲ ਇਸ ਬਿਮਾਰੀ ਨੂੰ ਪੂਰੀ ਤਰ੍ਹਾਂ ਠੀਕ ਕੀਤਾ ਜਾ ਸਕਦਾ ਹੈ ਅਤੇ ਲਿਵਰ ਦੀਆਂ ਗੰਭੀਰ ਪੇਚੀਦਗੀਆਂ ਤੋਂ ਬਚਿਆ ਜਾ ਸਕਦਾ ਹੈ।

# ਮਹਾਂਸ਼ਕਤੀ ਮੰਦਰ ਬੰਗਾ ਵਿਖੇ "ਮੂਰਤੀ ਸਥਾਪਨਾ" ਸਮਾਰੋਹ ਦੇ ਮੱਦੇਨਜ਼ਰ "ਵਿਸ਼ਾਲ ਸ਼ੋਭਾ ਯਾਤਰਾ" ਕੱਢੀ ਗਈ

**21 ਨੂੰ ਹੋਵੇਗੀ ਮੂਰਤੀ ਸਥਾਪਨਾ**

**ਬੰਗਾ (ਚਰਨਜੀਤ ਸੱਲ੍ਹਾ):-** ਬੰਗਾ ਦੇ ਝਿੱਕਾ ਰੋਡ ਤੇ ਸਥਿਤ ਮਹਾਂ ਸ਼ਕਤੀ ਮੰਦਰ ਵਿਖੇ "ਮੂਰਤੀ ਸਥਾਪਨਾ ਸਮਾਰੋਹ" ਦੇ ਮੱਦੇਨਜ਼ਰ ਅੱਜ "ਵਿਸ਼ਾਲ ਸ਼ੋਭਾ ਯਾਤਰਾ" ਦਾ ਆਯੋਜਨ ਕੀਤਾ ਗਿਆ। ਗੱਦੀਨਸ਼ੀਨ ਮਾਤਾ ਅਨੀਤਾ ਦੇਵਾ ਜੀ ਦੀ ਯੋਗ ਅਗਵਾਈ ਵਿੱਚ ਇਹ ਸ਼ੋਭਾ ਯਾਤਰਾ ਝਿੱਕਾ ਰੋਡ ਤੇ ਸਥਿਤ ਮਹਾਂ ਸ਼ਕਤੀ ਮੰਦਰ ਤੋਂ ਸ਼ੁਰੂ ਹੋਈ। ਜੋ ਸਿੱਧ ਮੁਹੱਲਾ, ਗੁਲਾਮੀ ਸ਼ਾਹ, ਸ੍ਰੀ ਗੁਰੂ ਰਵਿਦਾਸ ਗੁਰਦੁਆਰਾ, ਡਾ ਸਿੰਘ ਕਲੀਨਕ, ਮੇਨ ਰੋਡ , ਗੜ੍ਹਸ਼ੰਕਰ ਚੌਕ, ਗੜਸ਼ੰਕਰ ਰੋਡ, ਟਰੱਕ ਯੂਨੀਅਨ ਤੋਂ ਹੁੰਦੀ ਹੋਈ ਵਾਪਸ ਮੰਦਰ ਵਿਖੇ ਸਮਾਪਤ ਹੋਈ। ਇਸ ਸਬੰਧ ਵਿੱਚ ਮਹਾਂਮਾਈ ਦੀ ਸੁੰਦਰ ਮੂਰਤੀ ਨੂੰ ਸ਼ਹਿਰ ਦੇ ਭ੍ਰਮਣ ਲਈ ਰੱਥ ਵਿਚ ਰੱਖਿਆ ਗਿਆ। 11 ਸੁਹਾਗਣਾਂ ਨੇ ਕਲਸ਼ ਉਠਾ ਕੇ ਸ਼ੋਭਾ ਯਾਤਰਾ ਦੀ ਅਗਵਾਈ ਕੀਤੀ। ਗੌਰਵ ਬੈਡ ਵਾਲਿਆਂ ਨੇ ਸ਼ੋਭਾ ਯਾਤਰਾ ਤੋਂ ਮੂਹਰੇ ਹੋਕੇ ਧਾਰਮਿਕ ਧੁੱਨਾਂ



ਕੱਢ ਕੇ ਮਹੌਲ ਨੂੰ ਭਗਤੀ ਦੇ ਰੰਗ ਵਿਚ ਰੰਗ ਦਿੱਤਾ। ਜਗਾ ਜਗਾ ਤੇ ਸ਼ੋਭਾ ਯਾਤਰਾ ਦਾ ਸਵਾਗਤ ਕੀਤਾ ਗਿਆ ਤੇ ਵੱਖ ਵੱਖ ਥਾਵਾਂ ਤੇ ਪ੍ਰਸ਼ਾਦ ਵੰਡਿਆ ਗਿਆ। ਇਸ ਵਿਸ਼ਾਲ ਸ਼ੋਭਾ ਯਾਤਰਾ ਵਿੱਚ ਮੁੱਖ ਪ੍ਰਬੰਧਕ ਕਮਲ ਕਿਸ਼ੋਰ, ਡਾ ਧਰਮਪਾਲ ਖਮਾਚੋ ਰਿਟਾਇਰਡ ਆਈ ਏ ਐਸ, ਕੌਂਸਲਰ ਹਿੰਮਤ ਤੇਜਪਾਲ, ਕੌਂਸਲਰ ਜਸਵਿੰਦਰ ਸਿੰਘ ਮਾਨ, ਜੀਤ ਸਿੰਘ ਭਾਟੀਆ



ਸਾਬਕਾ ਕੌਂਸਲਰ, ਐਡਵੋਕੇਟ ਜਸਵਿੰਦਰ ਸਿੰਘ ਛੋਕਰ, ਐਡਵੋਕੇਟ ਬਲਜੀਤ ਸਿੰਘ ਰਾਏ, ਰਮੇਸ਼ ਅਟਾਰੀ, ਸੰਦੀਪ ਛਿੰਦਾ, ਸ਼ਿਵ ਕੁਮਾਰ ਕੌੜਾ, ਰੀਟਾ ਰਾਣੀ, ਹਰਮੇਸ਼ ਭਾਰਟਾ, ਡਾ ਹਰਦਵਿੰਦਰ ਸਿੰਘ, ਜੀਤਾ ਕਢਾਈ ਵਾਲਾ, ਰਾਕੇਸ਼ ਆਨੰਦ, ਸੁਦੇਸ਼ ਆਨੰਦ ਆਦਿ ਵੀ ਹਾਜਰ ਸਨ।

# ਆਰ.ਟੀ.ਓ. ਨੇ ਸੇਫ ਸਕੂਲ ਵਾਹਨ ਪਾਲਿਸੀ ਤਹਿਤ 15 ਸਕੂਲ ਬੱਸਾਂ ਦੀ ਕੀਤੀ ਜਾਂਚ, ਨਿਯਮਾਂ ਦੀ ਉਲੰਘਣਾ 'ਤੇ ਦੋ ਬੱਸਾਂ ਦੇ ਚਲਾਨ ਕੀਤੇ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਖੇਤਰੀ ਟਰਾਂਸਪੋਰਟ ਅਫ਼ਸਰ (ਆਰ.ਟੀ.ਓ.) ਅਮਨਦੀਪ ਕੌਰ ਘੁੰਮਣ ਨੇ ਮੰਗਲਵਾਰ ਨੂੰ ਜ਼ਿਲ੍ਹੇ ਵਿੱਚ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲ ਵਾਹਨਾਂ ਦੀ ਵਿਸ਼ੇਸ਼ ਜਾਂਚ ਮੁਹਿੰਮ ਚਲਾਈ। ਇਸ ਦੌਰਾਨ ਵੱਖ-ਵੱਖ ਸਕੂਲਾਂ ਦੀਆਂ ਕੁੱਲ 15 ਸਕੂਲ ਬੱਸਾਂ ਦੀ ਗਹਿਰਾਈ ਨਾਲ ਜਾਂਚ ਕੀਤੀ ਗਈ। ਜਾਂਚ ਦੌਰਾਨ ਬੱਸਾਂ ਦੇ ਲੋੜੀਂਦੇ ਦਸਤਾਵੇਜ਼, ਫਿਟਨੈੱਸ ਸਰਟੀਫਿਕੇਟ, ਪਰਮਿਟ, ਬੀਮਾ, ਪ੍ਰਦੂਸ਼ਣ ਸਰਟੀਫਿਕੇਟ, ਅੱਗ ਬੁਝਾਉਣ ਵਾਲੇ ਯੰਤਰ, ਮੁੱਢਲੀ ਸਹਾਇਤਾ ਕਿੱਟ, ਜੀ.ਪੀ.ਐਸ., ਸੀ.ਸੀ.ਟੀ.ਵੀ. ਕੈਮਰੇ ਅਤੇ ਹੋਰ ਸੁਰੱਖਿਆ ਮਾਪਦੰਡਾਂ ਦੀ ਜਾਂਚ ਕੀਤੀ ਗਈ। ਜਾਂਚ ਦੌਰਾਨ ਸੁਰੱਖਿਆ ਨਿਯਮਾਂ ਦੀ ਉਲੰਘਣਾ ਪਾਏ ਜਾਣ 'ਤੇ 2 ਸਕੂਲ ਬੱਸਾਂ ਦੇ ਚਲਾਨ ਕੀਤੇ




ਗਏ। ਆਰ.ਟੀ.ਓ. ਅਮਨਦੀਪ ਕੌਰ ਘੁੰਮਣ ਨੇ ਕਿਹਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਪ੍ਰਸ਼ਾਸਨ ਦੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਸਕੂਲ ਵਾਹਨਾਂ ਲਈ ਨਿਰਧਾਰਤ ਸਾਰੇ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸੇਫ ਸਕੂਲ ਵਾਹਨ ਨੀਤੀ ਤਹਿਤ ਅਜਿਹੀਆਂ ਵਿਸ਼ੇਸ਼ ਜਾਂਚ ਮੁਹਿੰਮਾਂ ਭਵਿੱਖ ਵਿੱਚ ਵੀ ਨਿਯਮਿਤ ਤੌਰ 'ਤੇ ਜਾਰੀ ਰਹਿਣਗੀਆਂ। ਨਿਯਮਾਂ ਦੀ ਅਣਦੇਖੀ ਕਰਨ ਵਾਲੇ ਵਾਹਨ ਚਾਲਕਾਂ/ਸੰਚਾਲਕਾਂ ਵਿਰੁੱਧ ਮੋਟਰ ਵਾਹਨ ਐਕਟ ਤਹਿਤ ਸਖ਼ਤ ਕਾਰਵਾਈ ਕੀਤੀ ਜਾਵੇਗੀ, ਤਾਂ ਜੋ ਵਿਦਿਆਰਥੀਆਂ ਨੂੰ ਸੁਰੱਖਿਅਤ ਅਤੇ ਸੁਚੱਜੀ ਆਵਾਜਾਈ ਸਹੂਲਤ ਮੁਹੱਈਆ ਕਰਵਾਈ ਜਾ ਸਕੇ।

# ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ -ਪਿੰਡ ਦਿਖਾਈ ਜਾ ਰਹੀ ਡਾਕੂਮੈਂਟਰੀ

## ਰੋਜ਼ਾਨਾਂ ਛੇ ਪਿੰਡਾਂ 'ਚ ਲੋਕ ਗੁਰੂ ਜੀ ਦੇ ਜੀਵਨ ਅਤੇ ਫਲਸਫੇ 'ਤੇ ਆਧਾਰਿਤ ਡਾਕੂਮੈਂਟਰੀ ਦੇਖ ਰਹੇ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਦੇ ਸਮਰਪਿਤ ਪੰਜਾਬ ਸਰਕਾਰ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਵਿਸ਼ੇਸ਼ ਡਾਕੂਮੈਂਟਰੀ ਦਿਖਾਈ ਜਾ ਰਹੀ ਹੈ। ਇਸੇ ਲੜੀ ਤਹਿਤ ਐਤਵਾਰ ਨੂੰ ਪਿੰਡ ਮਾਂਝੀ, ਕੁਰਾਂਗਣਾ, ਫੱਤੋਵਾਲ ਅਤੇ ਸਠਿਆਲ ਵਿੱਚ ਐਲਈਡੀ ਸਕ੍ਰੀਨ ਰਾਹੀਂ ਲਗਭਗ 30 ਮਿੰਟ ਦੀ ਵਿਸ਼ੇਸ਼ ਡਾਕੂਮੈਂਟਰੀ ਫ਼ਿਲਮ ਦਿਖਾਈ ਗਈ ਡਾਕੂਮੈਂਟਰੀ ਰਾਹੀਂ ਹਾਜ਼ਰ ਲੋਕਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫਲਸਫੇ, ਆਪਸੀ ਭਾਈਚਾਰੇ, ਮਨੁੱਖਤਾ ਅਤੇ ਸਮਾਜਿਕ ਸਦਭਾਵਨਾ ਬਾਰੇ ਦਿੱਤੇ ਸੰਦੇਸ਼ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਗਿਆ। ਪੰਜਾਬ ਸਰਕਾਰ ਦੇ ਇਸ ਉਪਰਾਲੇ ਤਹਿਤ ਜ਼ਿਲੇ ਵਿਚ ਤਿੰਨ ਵੈਨਾ ਰਾਹੀ ਰੋਜਾਨਾਂ 6 ਪਿੰਡਾਂ ਵਿਚ ਇਹ ਡਾਕੂਮੈਂਟਰੀ ਦਿਖਾਈ ਜਾ ਰਹੀ ਹੈ। ਇਸ ਮੌਕੇ ਪਿੰਡਾਂ ਦੇ ਸਰਪੰਚਾਂ, ਪੰਚਾਇਤ ਨੁਮਾਇੰਦਿਆਂ, ਨੌਜਵਾਨਾਂ, ਮਹਿਲਾਵਾਂ, ਬਜ਼ੁਰਗਾਂ ਅਤੇ ਪਿੰਡ ਵਾਸੀਆਂ ਵਲੋਂ ਸ਼ਰਧਾ, ਸਤਿਕਾਰ ਅਤੇ ਉਤਸ਼ਾਹ ਨਾਲ ਡਾਕੂਮੈਂਟਰੀ ਦੇਖੀ ਜਾ ਰਹੀ ਹੈ।ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਇਸ ਵਿਸ਼ੇਸ਼ ਮੁਹਿੰਮ ਦੀ ਸ਼ਲਾਘਾ ਕਰਦਿਆਂ





ਪਿੰਡਾਂ ਦੇ ਵਸਨੀਕਾਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਪਹਿਲਕਦਮੀਆਂ ਰਾਹੀਂ ਨੌਜਵਾਨ ਪੀੜ੍ਹੀ ਨੂੰ ਮਹਾਨ ਗੁਰੂਆਂ ਦੇ ਜੀਵਨ, ਵਿਚਾਰਾਂ ਅਤੇ ਮਨੁੱਖੀ ਭਲਾਈ ਲਈ ਦਿੱਤੇ ਉਨ੍ਹਾਂ ਦੇ ਪ੍ਰੇਰਣਾਦਾਇਕ ਸੰਦੇਸ਼ਾਂ ਨੂੰ ਜਾਣਨ ਅਤੇ ਸਮਝਣ ਦਾ ਮੌਕਾ ਮਿਲ ਰਿਹਾ ਹੈ। ਪਿੰਡ ਵਾਸੀਆਂ ਨੇ ਡਾਕੂਮੈਂਟਰੀ ਨੂੰ ਪ੍ਰੇਰਣਾਦਾਇਕ ਅਤੇ ਸਮਾਜ ਲਈ ਮਾਰਗਦਰਸ਼ਕ ਦੱਸਿਆ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਵੀ ਸ੍ਰੀ ਗੁਰੂ ਰਵਿਦਾਸ ਜੀ ਦੇ ਵਿਚਾਰ ਸਮਾਜਿਕ ਏਕਤਾ, ਭਾਈਚਾਰੇ, ਬਰਾਬਰੀ ਅਤੇ ਆਪਸੀ ਸਤਿਕਾਰ ਦੇ ਰਾਹ 'ਤੇ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹਨ। ਉਨ੍ਹਾਂ ਨੇ ਸਮਾਜਿਕ ਸਦਭਾਵਨਾ ਅਤੇ ਬਰਾਬਰੀ ਨੂੰ ਹੋਰ ਮਜ਼ਬੂਤ ਕਰਨ ਲਈ ਅਜਿਹੀਆਂ ਜਨ-ਜਾਗਰੂਕਤਾ ਮੁਹਿੰਮਾਂ ਨੂੰ ਲਗਾਤਾਰ ਜਾਰੀ ਰੱਖਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਜ਼ਿਲ੍ਹਾ ਪ੍ਰਸ਼ਾਸਨ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਵਿਸ਼ੇਸ਼ ਡਾਕੂਮੈਂਟਰੀ ਮੁਹਿੰਮ ਆਉਣ ਵਾਲੇ ਦਿਨਾਂ ਵਿੱਚ ਵੀ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਲਗਾਤਾਰ ਜਾਰੀ ਰਹੇਗੀ, ਤਾਂ ਜੋ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਅਤੇ ਬਰਾਬਰੀ, ਮਨੁੱਖਤਾ ਤੇ ਸਰਬੱਤ ਦੇ ਭਲੇ ਦਾ ਸੰਦੇਸ਼ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਇਆ ਜਾ ਸਕੇ।

# ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਸਬੰਧੀ ਦਾਣਾ ਮੰਡੀ ਬੰਗਾ ਵਿਖੇ 24 ਜੁਲਾਈ ਨੂੰ ਹੋਣ ਵਾਲੇ ਜ਼ਿਲ੍ਹਾ ਪੱਧਰੀ ਕੀਰਤਨ ਦਰਬਾਰ ਦੇ ਪ੍ਰਬੰਧਾਂ ਦਾ ਡੀ ਸੀ ਨੇ ਲਿਆ ਜਾਇਜ਼ਾ

## ਸੰਗਤਾਂ ਲਈ ਪਾਣੀ, ਪਾਰਕਿੰਗ, ਸਫਾਈ, ਮੈਡੀਕਲ ਅਤੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਕਰਨ ਦੇ ਦਿੱਤੇ ਨਿਰਦੇਸ਼


**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜ਼ਿਲ੍ਹਾ ਪੱਧਰੀ ਕੀਰਤਨ ਦਰਬਾਰ 24 ਜੁਲਾਈ ਨੂੰ ਦਾਣਾ ਮੰਡੀ ਬੰਗਾ ਵਿਖੇ ਕਰਵਾਇਆ ਜਾਵੇਗਾ। ਇਸ ਸਮਾਗਮ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਦੇ ਮੀਟਿੰਗ ਹਾਲ ਵਿਖੇ ਜ਼ਿਲ੍ਹਾ ਅਧਿਕਾਰੀਆਂ ਦੀ ਰੀਵਿਊ ਮੀਟਿੰਗ ਕੀਤੀ ਅਤੇ ਅਧਿਕਾਰੀਆਂ ਨੂੰ ਮਿਥੇ ਸਮੇਂ ਵਿੱਚ ਪੁਖਤਾ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਦੱਸਿਆ ਕਿ ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣੇ ਵਾਲੇ ਅਤੇ ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ, ਸ੍ਰੀ ਹਰਮਿੰਦਰ ਸਾਹਿਬ ਵਲੋਂ ਕੀਰਤਨ ਕੀਤਾ ਜਾਵੇਗਾ। ਭਾਈ ਗੁਰਮੀਤ ਸਿੰਘ ਕਥਾ ਵਿਚਾਰ ਕਰਨਗੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦ-ਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੂਰਾ ਸਾਲ ਵੱਖ-ਵੱਖ ਹੋਰ ਵੀ ਪ੍ਰੋਗਰਾਮ ਕੀਤੇ ਜਾਣਗੇ। ਜਿਸ ਅਧੀਨ ਖਾਸ ਤੌਰ ਉੱਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਨੂੰ ਸਮਰਪਿਤ ਜਿਲ੍ਹੇ ਵਿੱਚ 6.5 ਲੱਖ ਬੂਟੇ ਲਗਾਏ ਜਾਣਗੇ। ਇਸ ਦੇ ਨਾਲ ਹੀ ਸਕੂਲਾਂ ਅਤੇ ਕਾਲਜਾਂ ਵਿਚ ਸ੍ਰੀ



ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਅਤੇ ਧਾਰਮਿਕ ਵਿਚਾਰਾਂ ਨੂੰ ਵਿਦਿਆਰਥੀਆਂ ਤੱਕ ਪਹੁਚਾਉਣ ਲਈ ਸੈਮੀਨਾਰ, ਲੇਖ ਤੇ ਪੇਂਟਿੰਗ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਕੀਰਤਨ ਦਰਬਾਰ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਵਾਲੀਆਂ ਸੰਗਤਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਆਵੇ। ਇਸ ਲਈ ਪੀਣ ਵਾਲੇ ਪਾਣੀ, ਛਾਂ, ਬੈਠਣ, ਸਾਊਂਡ ਸਿਸਟਮ, ਬਿਜਲੀ ਅਤੇ ਸਫਾਈ ਦੇ ਪੁਖਤਾ ਪ੍ਰਬੰਧ ਕੀਤੇ ਜਾਣ। ਪਾਰਕਿੰਗ ਲਈ ਅਲੱਗ ਤੋਂ ਥਾਂ ਨਿਰਧਾਰਤ ਕਰਕੇ ਟ੍ਰੈਫਿਕ ਪੁਲਿਸ ਦੀ ਡਿਊਟੀ ਲਗਾਈ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਸਮਾਨਤਾ, ਭਾਈਚਾਰੇ ਅਤੇ ਸਮਾਜਿਕ ਨਿਆਂ ਦਾ ਸੰਦੇਸ਼ ਦਿੱਤਾ ਸੀ। ਉਨ੍ਹਾਂ ਸਮੂਹ ਧਾਰਮਿਕ, ਸਮਾਜਿਕ ਅਤੇ ਸਵੈ-ਸੇਵੀ ਸੰਸਥਾਵਾਂ ਸਮੇਤ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਪਵਿੱਤਰ ਸਮਾਗਮ ਨੂੰ ਸਫਲ ਬਣਾਉਣ ਲਈ ਪ੍ਰਸ਼ਾਸਨ ਦਾ ਸਹਿਯੋਗ ਕਰਨ ਅਤੇ ਵੱਧ ਤੋਂ ਵੱਧ ਗਿਣਤੀ ਵਿਚ 24 ਜੁਲਾਈ ਨੂੰ ਵਿਸ਼ਾਲ ਕੀਰਤਨ ਦਰਬਾਰ ਵਿਖੇ ਪਹੁੰਚਣ। ਉਨ੍ਹਾ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਸਬੰਧੀ ਲ ਵਿਸ਼ਾਲ ਕੀਰਤਨ ਦਰਬਾਰ ਉਪਰੰਤ ਸੰਗਤ ਲਈ ਲੰਗਰ ਦੀ ਸੇਵਾ ਵੀ ਕੀਤੀ ਜਾ ਰਹੀ ਹੈ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਸੰਜੀਵ ਸ਼ਰਮਾ, ਐਸ.ਡੀ.ਐਮ. ਨਵਾਂਸ਼ਹਿਰ ਅਨਮਜਯੋਤ ਕੌਰ, ਸਹਾਇਕ ਕਮਿਸ਼ਨਰ ਜਨਰਲ ਰਮਨਜੀਤ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਨਿਧੀ ਸਿਨਹਾ, ਆਰ.ਟੀ.ਏ ਇੰਦਰਪਾਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ।

# ਸਕੂਲ ਆਫ਼ ਐਮੀਨੈਂਸ ਨਵਾਂਸ਼ਹਿਰ ਵਿੱਚ ਵੱਧ ਫ਼ੀਸ ਵਸੂਲੀ ਦੇ ਮਾਮਲੇ ਵਿੱਚ ਪ੍ਰਿੰਸੀਪਲ ਦਾ ਬਚਾਅ ਕਰ ਰਹੇ ਹਨ ਸਿੱਖਿਆ ਮੰਤਰੀ - ਦੀਪ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਕੂਲ ਆਫ਼ ਐਮੀਨੈਂਸ ਨਵਾਂਸ਼ਹਿਰ ਦੇ ਪ੍ਰਿੰਸੀਪਲ ਵਲੋਂ ਵਿਦਿਆਰਥੀਆਂ ਕੋਲੋਂ ਵੱਧ ਫ਼ੀਸ ਵਸੂਲਣ ਦੀ ਗੱਲ ਸਵੀਕਾਰ ਕਰਨ ਤੋਂ ਬਾਅਦ ਵੀ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਵੱਲੋਂ ਪ੍ਰਿੰਸੀਪਲ ਸਰਬਜੀਤ ਸਿੰਘ ਵਿਰੁੱਧ ਕੋਈ ਕਾਰਵਾਈ ਨਾ ਕਰਨਾ ਇਹ ਸਾਬਤ ਕਰਦਾ ਹੈ ਕਿ ਸਿੱਖਿਆ ਮੰਤਰੀ ਪ੍ਰਿੰਸੀਪਲ ਦਾ ਬਚਾਅ ਕਰ ਰਹੇ ਹਨ। ਇਹ ਦੋਸ਼ ਜਮਹੂਰੀ ਅਧਿਕਾਰ ਸਭਾ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਜਿਲਾ ਸਕੱਤਰ ਜਸਬੀਰ ਦੀਪ ਨੇ ਇਕ ਪ੍ਰੈਸ ਬਿਆਨ ਰਾਹੀਂ ਲਾਉਂਦਿਆਂ ਕਿਹਾ ਹੈ ਕਿ ਪੰਜਾਬ ਸਰਕਾਰ ਫ਼ੀਸਾਂ ਦੇ ਮਾਮਲੇ ਵਿੱਚ ਤਾਂ ਨਿੱਜੀ ਸਕੂਲਾਂ ਉੱਤੇ ਤਾਂ ਬੜੀ ਸਖ਼ਤੀ ਦਿਖਾ ਰਹੀ ਹੈ ਪਰ ਜਿਹਨਾਂ ਸਰਕਾਰੀ ਸਕੂਲਾਂ ਵਿੱਚ ਵੱਧ ਫ਼ੀਸਾਂ ਵਸੂਲੀਆਂ ਜਾ ਰਹੀਆਂ ਹਨ ਉਧਰੋਂ ਜਾਣ ਬੁੱਝਕੇ ਅੱਖਾਂ ਮੀਟ ਰਹੀ ਹੈ। ਉਹਨਾਂ ਨੇ ਕਿਹਾ ਕਿ ਸਕੂਲ ਦੇ ਪ੍ਰਿੰਸੀਪਲ ਸਰਬਜੀਤ ਸਿੰਘ ਸਰਕਾਰ ਵੱਲੋਂ ਨਿਰਧਾਰਿਤ 876 ਰੁਪਏ ਅਡਮਿਸ਼ਨ ਫ਼ੀਸ ਦੀ ਬਜਾਏ ਵਿਦਿਆਰਥੀਆਂ ਤੋਂ ਕਰੀਬ 5,000 ਰੁਪਏ ਫ਼ੀਸ ਵਸੂਲ ਰਹੇ ਹਨ। ਇਸਦਾ ਤਰਕ ਪ੍ਰਿੰਸੀਪਲ ਇਹ ਦੇ ਰਹੇ ਹਨ ਇਹ ਰਕਮ ਸਟਾਫ਼ ਦੀ ਘਾਟ ਨੂੰ ਪੂਰਾ ਕਰਨ




ਅਤੇ ਵਾਧੂ ਸਿੱਖਿਆ ਸਹੂਲਤਾਂ ਮੁਹੱਈਆ ਕਰਵਾਉਣ ਲਈ ਜਾ ਰਹੀ ਹੈ।ਅਜਿਹੇ ਵਿੱਚ ਜੇਕਰ ਮਾਪਿਆਂ ਤੋਂ ਸਰਕਾਰੀ ਫ਼ੀਸ ਨਾਲੋਂ ਕਈ ਗੁਣਾ ਵੱਧ ਰਕਮ ਵਸੂਲੀ ਜਾ ਰਹੀ ਹੈ ਤਾਂ ਇਹ ਸਰਕਾਰ ਦੇ ਸਿੱਖਿਆ ਮਾਡਲ ਦੀ ਹਕੀਕਤ ਨੂੰ ਬੇਨਕਾਬ ਕਰਦਾ ਹੈ। ਉਹਨਾਂ ਕਿਹਾ ਕਿ ਇਸ ਸਕੂਲ ਵਿੱਚ ਵੱਧ ਫ਼ੀਸਾਂ ਵਸੂਲਣ ਦਾ ਮਾਮਲਾ ਹਲਕਾ ਬੰਗਾ ਤੋਂ ਵਿਧਾਇਕ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਨੇ ਦੋ ਸਾਲ ਪਹਿਲਾਂ ਵੀ ਉਠਾਇਆ ਸੀ ਪਰ ਉਦੋਂ ਬੇ ਇਸ ਮੁੱਦੇ ਉੱਤੇ ਕੋਈ ਧਿਆਨ ਨਹੀਂ ਦਿੱਤਾ ਗਿਆ। ਹੁਣ ਕੁਝ ਦਿਨ ਪਹਿਲਾਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਬੰਗਾ ਨਜ਼ਦੀਕ ਧਾਰਮਿਕ ਅਸਥਾਨ ਮਜਾਰਾ ਰਾਜਾ ਸਾਹਿਬ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਪ੍ਰਿੰਸੀਪਲ ਨੂੰ ਮੁਅੱਤਲ ਕਰਨ ਦੀ ਗੱਲ ਆਖੀ ਸੀ। ਪਰ ਮੰਤਰੀ ਨੇ ਅਜੇ ਤੱਕ ਇਸਦੀ ਜਾਂਚ ਵੀ ਸ਼ੁਰੂ ਨਹੀਂ ਕਰਵਾਈ।ਨਿਰਪੱਖ ਜਾਂਚ ਤਾਂ ਹੀ ਹੀ ਸਕਦਾ ਹੈ ਜੇਕਰ ਪਹਿਲਾਂ ਪ੍ਰਿੰਸੀਪਲ ਨੂੰ ਮੁਅੱਤਲ ਕੀਤਾ ਜਾਵੇ।ਉਹਨਾਂ ਕਿਹਾ ਕਿ ਲੋਕ ਇਸ ਗੱਲ ਦੀ ਉਡੀਕ ਕਰ ਰਹੇ ਹਨ ਕਿ ਇੱਕ ਧਾਰਮਿਕ ਸਥਾਨ ਉੱਤੇ ਕੀਤੇ ਆਪਣੇ ਵਾਅਦੇ ਨੂੰ ਸਿੱਖਿਆ ਮੰਤਰੀ ਕਦੋਂ ਪੂਰਾ ਕਰਦੇ ਹਨ। ਉਹਨਾਂ ਕਿਹਾ ਕਿ ਹੁਣ ਪ੍ਰਿੰਸੀਪਲ ਵਿਦਿਆਰਥੀਆਂ ਦੇ ਮਾਪਿਆਂ ਦੇ ਵਟਸਐਪ ਨੰਬਰਾਂ ਉੱਤੇ ਸੁਨੇਹੇ ਭੇਜਕੇ ਵਾਧੂ ਫੀਸ ਵਾਪਿਸ ਕਰ ਦੇਣ ਦੀਆਂ ਗੱਲਾਂ ਕਰ ਰਿਹਾ ਹੈ। ਸਿੱਖਿਆ ਮੰਤਰੀ ਸਾਹਿਬ, ਫ਼ੀਸਾਂ ਵਾਪਸ ਕਰਾਉਣਾ ਕੋਈ ਸਜ਼ਾ ਦੇਣਾ ਨਹੀਂ ਹੈ।ਉਹਨਾਂ ਕਿਹਾ ਕਿ ਜੇਕਰ ਮਾਨ ਸਰਕਾਰ ਬੱਚਿਆਂ ਦੀ ਸਿੱਖਿਆ ਪ੍ਰਤੀ ਐਨੀ ਹੈ ਸੰਵੇਦਨਸ਼ੀਲ ਹੈ ਤਾਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਇਸ ਸਕੂਲ ਦੀਆਂ ਸਾਰੀਆਂ ਖਾਲੀ ਪੋਸਟਾਂ ਉੱਤੇ ਟੀਚਿੰਗ ਅਤੇ ਹੋਰ ਸਟਾਫ ਭੇਜ ਦੇਣਾ ਚਾਹੀਦਾ ਹੈ ਕਿਉਕਿ ਮੀਡੀਆ ਵਿੱਚ ਵੱਧ ਫੀਸ ਵਸੂਲੀ ਦੀਆਂ ਖਬਰਾਂ ਆਉਣ ਤੋਂ ਬਾਅਦ ਪ੍ਰਿੰਸੀਪਲ ਨੇ ਪੀ ਟੀ ਏ ਫੰਡ ਵਿੱਚੋਂ ਰੱਖਿਆ ਹੋਇਆ ਸਾਰਾ ਸਟਾਫ ਘਰਾਂ ਨੂੰ ਤੋਰ ਦਿੱਤਾ ਹੈ।

# ਪਿੰਡ ਪਦਰਾਣਾ ਦੇ ਦਰਜਨਾਂ ਪਰਿਵਾਰਾਂ ਨੇ ਫੜਿਆ 'ਆਮ ਆਦਮੀ ਪਾਰਟੀ' ਦਾ ਪੱਲਾ, ਡਿਪਟੀ ਸਪੀਕਰ ਰੌੜੀ ਨੇ ਕੀਤਾ ਭਰਵਾਂ ਸਵਾਗਤ

**ਗੜ੍ਹਸ਼ੰਕਰ/ਹੁਸ਼ਿਆਰਪੁਰ ( ):** ਹਲਕਾ ਗੜ੍ਹਸ਼ੰਕਰ ਦੇ ਪਿੰਡ ਪਦਰਾਣਾ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਸਿਆਸੀ ਹੁਲ-ਾਰਾ ਮਿਲਿਆ ਜਦੋਂ ਵੱਖ-ਵੱਖ ਰਾਜਨੀਤਿਕ ਪਾਰਟੀਆਂ ਨਾਲ ਸਬੰਧਤ ਦਰਜਨਾਂ ਪਰਿਵਾਰਾਂ ਨੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਹਲਕਾ ਵਿਧਾਇਕ ਸ. ਜੈ ਕ੍ਰਿਸ਼ਨ ਸਿੰਘ ਰੌੜੀ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਪਾਰਟੀ ਵਿੱਚ ਸ਼ਾਮਲ ਹੋਏ ਨਵੇਂ ਸਾਥੀਆਂ ਦਾ ਫੁੱਲਾਂ ਦੇ ਹਾਰ ਪਾ ਕੇ ਅਤੇ ਸਿਰੋਪੇ ਭੇਟ ਕਰਕੇ ਨਿੱਘਾ ਸਵਾਗਤ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ-ਹਿਤੈਸ਼ੀ ਫ਼ੈਸਲੇ, ਭ੍ਰਿਸ਼ਟਾਚਾਰ ਵਿਰੁੱਧ ਸਖ਼ਤ ਕਾਰਵਾਈ, ਸਿੱਖਿਆ, ਸਿਹਤ ਅਤੇ ਪਿੰਡਾਂ ਦੇ ਵਿਕਾਸ ਲਈ ਚਲਾਏ ਜਾ ਰਹੇ ਪ੍ਰੋਜੈਕਟਾਂ ਕਾਰਨ ਲੋਕਾਂ ਦਾ ਵਿਸ਼ਵਾਸ ਲਗਾਤਾਰ ਆਮ ਆਦਮੀ ਪਾਰਟੀ ਵੱਲ ਵੱਧ



ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਪਿੰਡ ਪਦਰਾਣਾ ਦੇ ਪਰਿਵਾਰਾਂ ਦਾ ਪਾਰਟੀ ਵਿੱਚ ਸ਼ਾਮਲ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਲੋਕ ਰਵਾਇਤੀ ਰਾਜਨੀਤੀ ਤੋਂ ਤੰਗ ਆ ਚੁੱਕੇ ਹਨ ਅਤੇ ਇਮਾਨਦਾਰ ਤੇ ਵਿਕਾਸ-ਕੇਂਦਰਿਤ ਰਾਜਨੀਤੀ ਨੂੰ ਆਪਣਾ ਸਮਰਥਨ ਦੇ ਰਹੇ ਹਨ। ਰੌੜੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਹਰ ਵਰਗ ਦੇ ਲੋਕਾਂ ਦੀ ਪਾਰਟੀ ਹੈ ਅਤੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਵਰਕਰ ਨੂੰ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ। ਉਨ੍ਹਾਂ ਨਵੇਂ ਸਾਥੀਆਂ ਨੂੰ ਭਰੋਸਾ ਦਿਵਾਇਆ ਕਿ ਪਿੰਡ ਪਦਰਾਣਾ ਸਮੇਤ ਸਮੁੱਚੇ ਹਲਕੇ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।

ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਪਰਿਵਾਰਾਂ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਦੀਆਂ ਜਨ-ਹਿਤੈਸ਼ੀ ਨੀਤੀਆਂ, ਪਾਰਦਰਸ਼ੀ ਕਾਰਜਸ਼ੈਲੀ ਅਤੇ ਹਲਕਾ ਗੜ੍ਹਸ਼ੰਕਰ ਵਿੱਚ ਹੋ ਰਹੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜੇ ਹਨ। ਉਨ੍ਹਾਂ ਕਿਹਾ ਕਿ ਉਹ ਆਉਣ ਵਾਲੇ ਸਮੇਂ ਵਿੱਚ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਨਗੇ।ਇਸ ਮੌਕੇ ਸਰਪੰਚ ਜਰਨੈਲ ਸਿੰਘ, ਪੰਚ ਮਹਿੰਗਾ ਰਾਮ, ਪੰਚ ਜਸਪਾਲ ਸਿੰਘ, ਪੰਚ ਕੁਲਵਿੰਦਰ ਸਿੰਘ, ਪੰਚ ਸਰੋਜ ਰਾਣੀ, ਪੰਚ ਸੁਭਾਸ਼, ਪੰਚ ਹਰਬੰਸ ਲਾਲ, ਸਾਬਕਾ ਪੰਚ ਨਿਸ਼ ਰਾਣੀ, ਡਾ. ਭੀਮ ਰਾਓ ਅੰਬੇਡਕਰ ਵੈਲਫੇਅਰ ਸੋਸਾਇਟੀ ਸਮੂਹ ਮੈਬਰ, ਰਜਨੀ ਦੇਵੀ, ਬਿਮਲਾ ਦੇਵੀ, ਸੁਮਨ ਠਾਕੁਰ,ਸੰਦੀਪ ਰਾਣਾ, ਵਿਸ਼ਾਲ ਰਾਣਾ, ਅਮਨਦੀਪ ਸਿੰਘ,ਰਜੀਵ ਕੁਮਾਰ, ਲਖਵੀਰ ਸਿੰਘ, ਰਜਤ ਸ਼ਰਮਾ, ਸੁਮਨ ਰਾਣੀ, ਸਨੀ ਕੁਮਾਰ ਅਤੇ ਵੱਡੀ ਗਿਣਤੀ ਵਿੱਚ ਪਾਰਟੀ ਆਗੂ, ਨੌਜਵਾਨ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

# ਬਰਨਹਮ ਸਰਕਾਰ ਦਾ ਪਹਿਲਾ ਵੱਡਾ ਫ਼ੈਸਲਾ, ਘਰੇਲੂ ਬਿਜਲੀ ਬਿੱਲਾਂ ਤੋਂ 5 ਫ਼ੀਸਦੀ ਵੈਟ ਹਟਾਉਣ ਦਾ ਐਲਾਨ

## ਆਮ ਪਰਿਵਾਰ ਨੂੰ ਸਾਲਾਨਾ ਕਰੀਬ 45 ਪੌਂਡ ਦੀ ਬਚਤ ਹੋਣ ਦਾ ਦਾਅਵਾ

**ਲੈਸਟਰ (ਇੰਗਲੈਂਡ), 21 ਜੁਲਾਈ (ਸੁਖਜਿੰਦਰ ਸਿੰਘ ਢੱਡੇ)-** ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਐਂਡੀ ਬਰਨਹਮ ਨੇ ਅਹੁਦਾ ਸੰਭਾਲਣ ਮਗਰੋਂ ਆਪਣੇ ਪਹਿਲੇ ਵੱਡੇ ਨੀਤੀਗਤ ਫ਼ੈਸਲੇ ਤਹਿਤ ਘਰੇਲੂ ਬਿਜਲੀ ਬਿੱਲਾਂ 'ਤੇ ਲੱਗਣ ਵਾਲਾ 5 ਫੀਸਦੀ ਵੈਟ ਖ਼ਤਮ ਕਰਨ ਦਾ ਐਲਾਨ ਕੀਤਾ ਹੈ। ਸਰਕਾਰ ਅਨੁਸਾਰ ਇਹ ਫ਼ੈਸਲਾ ਅਕਤੂਬਰ ਮਹੀਨੇ ਤੋਂ ਲਾਗੂ ਹੋਵੇਗਾ, ਜਿਸ ਨਾਲ ਇੱਕ ਆਮ ਘਰ ਨੂੰ ਸਾਲਾਨਾ ਕਰੀਬ 45 ਪੌਂਡ ਦੀ ਬਚਤ ਹੋ ਸਕਦੀ ਹੈ। ਸਰਕਾਰ ਨੇ ਦਾਅਵਾ ਕੀਤਾ ਹੈ ਕਿ ਇਸ ਯੋਜਨਾ 'ਤੇ ਆਉਣ ਵਾਲਾ ਖ਼ਰਚ ਸਾਬਕਾ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਡਿਜੀਟਲ ਆਈ.ਡੀ. ਯੋਜਨਾ ਰੱਦ ਕਰਕੇ ਪੂਰਾ ਕੀਤਾ ਜਾਵੇਗਾ। ਇਹ ਰਾਹਤ ਮੌਜੂਦਾ ਵਿੱਤੀ ਵਰ੍ਹੇ ਦੇ ਅੰਤ ਤੱਕ ਜਾਰੀ ਰਹੇਗੀ ਅਤੇ ਇਸ 'ਤੇ ਕਰੀਬ 850 ਮਿਲੀਅਨ ਪੌਂਡ ਖ਼ਰਚ ਆਉਣ ਦਾ ਅਨੁਮਾਨ ਹੈ। ਇਸ ਐਲਾਨ ਤੋਂ ਤੁਰੰਤ ਬਾਅਦ ਯੋਜਨਾ ਦੀ ਫੰਡਿੰਗ ਨੂੰ ਲੈ ਕੇ ਸਿਆਸੀ ਚਰਚਾ ਵੀ ਸ਼ੁਰੂ ਹੋ ਗਈ ਹੈ। ਸਾਬਕਾ ਮੁੱਖ ਸਕੱਤਰ ਡੈਰਨ ਜੋਨਜ਼ ਨੇ ਕਿਹਾ ਕਿ ਡਿਜੀਟਲ ਆਈ.ਡੀ. ਯੋਜਨਾ ਲਈ ਪਹਿਲਾਂ ਹੀ ਕੋਈ ਪੱਕੀ ਰਕਮ ਉਪਲਬਧ ਨਹੀਂ ਸੀ। ਉਨ੍ਹਾਂ ਨਵੀਂ ਸਰਕਾਰ ਨੂੰ ਆਉਣ ਵਾਲੇ ਬਜਟ ਵਿੱਚ ਇਹ ਸਪਸ਼ਟ ਕਰਨ ਲਈ ਕਿਹਾ ਕਿ ਬਿਜਲੀ ਬਿੱਲਾਂ 'ਤੇ ਵੈਟ ਕਟੌਤੀ ਦਾ ਅਸਲ ਖ਼ਰਚ ਕਿੱਥੋਂ ਪੂਰਾ ਕੀਤਾ ਜਾਵੇਗਾ। ਬਿਜ਼ਨਸ ਸਕੱਤਰ ਜੋਨਾਥਨ ਰੇਨੋਲਡਜ਼ ਨੇ ਸਰਕਾਰ ਦੇ ਫ਼ੈਸਲੇ ਦਾ ਬਚਾਅ ਕਰਦਿਆਂ ਕਿਹਾ ਕਿ ਡਿਜੀਟਲ ਆਈ.ਡੀ. ਪ੍ਰੋਗਰਾਮ ਲਈ 1.8 ਅਰਬ ਪੌਂਡ ਦਾ ਅਨੁਮਾਨ ਲਾਇਆ ਗਿਆ ਸੀ ਅਤੇ ਇਹ ਰਕਮ ਸਰਕਾਰੀ ਵਿਭਾਗਾਂ ਦੀਆਂ ਬਚਤਾਂ ਵਿਚੋਂ ਲੱਭੀ ਜਾਣੀ ਸੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਆਪਣੀਆਂ ਤਰਜੀਹਾਂ ਬਦਲਦਿਆਂ ਇਹ ਰਕਮ ਲੋਕਾਂ ਨੂੰ ਬਿਜਲੀ ਬਿੱਲਾਂ ਵਿੱਚ ਰਾਹਤ ਦੇਣ ਲਈ ਵਰਤਣ ਦਾ ਫ਼ੈਸਲਾ ਕੀਤਾ ਹੈ। ਫਿਊਲ ਪਾਵਰਟੀ ਚੈਰਿਟੀ ਨੈਸ਼ਨਲ ਐਨਰਜੀ ਐਕਸ਼ਨ ਨੇ ਇਸ ਕਦਮ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਘਰੇਲੂ ਖ਼ਪਤਕਾਰਾਂ ਨੂੰ ਕੁਝ ਆਰਥਿਕ ਰਾਹਤ ਮਿਲੇਗੀ। ਦੂਜੇ ਪਾਸੇ ਲਿਬਰਲ ਡੈਮੋਕ੍ਰੈਟ ਨੇਤਾ ਐਡ ਡੇਵੀ ਨੇ ਕਿਹਾ ਕਿ ਵੈਟ ਕਟੌਤੀ ਸਹੀ ਦਿਸ਼ਾ ਵੱਲ ਇੱਕ ਕਦਮ ਹੈ, ਪਰ ਮਹਿੰਗਾਈ ਅਤੇ ਵਧ ਰਹੇ ਜੀਵਨ-ਯਾਪਨ ਖ਼ਰਚਿਆਂ ਨਾਲ ਜੂਝ ਰਹੇ ਪਰਿਵਾਰਾਂ ਲਈ ਇਹ ਰਾਹਤ ਕਾਫ਼ੀ ਨਹੀਂ ਹੈ।ਪ੍ਰਧਾਨ ਮੰਤਰੀ ਵਜੋਂ ਆਪਣੇ ਪਹਿਲੇ ਸੰਬੋਧਨ ਵਿੱਚ ਐਂਡੀ ਬਰਨਹਮ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਮੁੱਖ ਧਿਆਨ ਜੀਵਨ-ਯਾਪਨ ਦੀ ਲਾਗਤ ਘਟਾਉਣ, ਲੋਕਾਂ ਦਾ ਭਰੋਸਾ ਬਹਾਲ ਕਰਨ ਅਤੇ ਸਰਕਾਰੀ ਨੀਤੀਆਂ ਨੂੰ ਸਧਾਰਨ ਤੇ ਪ੍ਰਭਾਵਸ਼ਾਲੀ ਬਣਾਉਣ 'ਤੇ ਰਹੇਗਾ।

# ਅੱਖਾਂ ਦੀਆਂ ਸਮੱਸਿਆਵਾਂ ਦਾ ਇਲਾਜ ਟਾਲਣਾ ਹੋ ਸਕਦੈ ਖਤਰਨਾਕ : ਡਾ. ਪਰਮਜੀਤ ਲਾਲ

## ਟਕਾਰਲਾ ਵਿਖੇ 112 ਬਜ਼ੁਰਗਾਂ ਦੀਆਂ ਅੱਖਾਂ ਦੀ ਜਾਂਚ

**ਬਲਾਚੌਰ, 21 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਪਰਮਜੀਤ ਲਾਲ ਦੀ ਅਗਵਾਈ ਹੇਠ ਪਿੰਡ ਟਕਾਰਲਾ ਤੇ ਪੋਜੇਵਾਲ ਵਿਖੇ ਬਜ਼ੁਰਗਾਂ ਦੀਆਂ ਅੱਖਾਂ ਦੀ ਸਕ੍ਰੀਨਿੰਗ ਲਈ ਵਿਸ਼ੇਸ਼ ਕੈਂਪ ਆਯੋਜਿਤ ਕੀਤੇ ਗਏ। ਕੈਂਪ ਦੌਰਾਨ ਅੱਖਾਂ ਦੇ ਮਾਹਿਰ ਡਾ. ਅਕਸ਼ੈ ਠਾਕੁਰ ਤੇ ਅਪਥਾਲਮਿਕ ਅਫ਼ਸਰ ਹਰਜਿੰਦਰ ਸਿੰਘ ਵੱਲੋਂ ਟਕਾਰਲਾ ਵਿਖੇ 40 ਬਜ਼ੁਰਗਾਂ ਦੀਆਂ ਅੱਖਾਂ ਦੀ ਸਕ੍ਰੀਨਿੰਗ ਕੀਤੀ ਗਈ, ਜਿਨ੍ਹਾਂ ਵਿੱਚੋਂ 6 ਨੂੰ ਮੋਤੀਏ ਦੇ ਅਪਰੇਸ਼ਨ ਲਈ ਹਸਪਤਾਲ ਬੁਲਾਇਆ ਗਿਆ। ਇਸੇ ਤਰ੍ਹਾਂ ਪੋਜੇਵਾਲ ਵਿਖੇ 72 ਬਜ਼ੁਰਗਾਂ ਦੀਆਂ ਅੱਖਾਂ ਦੀ ਸਕ੍ਰੀਨਿੰਗ ਕੀਤੀ ਤੇ 9 ਨੂੰ ਮੋਤੀਏ ਦੇ ਅਪਰੇਸ਼ਨ ਲਈ ਬੁਲਾਇਆ ਗਿਆ। ਸਕ੍ਰੀਨਿੰਗ ਉਪਰੰਤ ਲੋੜਵੰਦ ਤੇ ਯੋਗ ਲਾਭਪਾਤਰੀਆਂ ਨੂੰ ਮੁਫ਼ਤ ਐਨਕਾਂ ਉਪਲੱਬਧ ਕਰਵਾਈਆਂ ਗਈਆਂ। ਨਾਲ ਹੀ ਲੋਕਾਂ ਨੂੰ ਅੱਖਾਂ ਦੀ ਨਿਯਮਿਤ ਜਾਂਚ ਕਰਵਾਉਣ ਤੇ ਨਜ਼ਰ ਸੰਬੰਧੀ ਸਮੱਸਿਆ ਹੋਣ



'ਤੇ ਤੁਰੰਤ ਸਰਕਾਰੀ ਸਿਹਤ ਸੰਸਥਾ ਨਾਲ ਸੰਪਰਕ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ। ਸੀਨੀਅਰ ਮੈਡੀਕਲ ਅਫ਼ਸਰ ਡਾ. ਪਰਮਜੀਤ ਲਾਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਅੱਖਾਂ ਦੀ ਸਿਹਤ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਵੇ ਅਤੇ ਹਰ ਵਿਅਕਤੀ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਅੱਖਾਂ ਦੀ ਜਾਂਚ ਜ਼ਰੂਰ ਕਰਵਾਏ। ਉਨ੍ਹਾਂ ਕਿਹਾ ਕਿ ਅੱਖਾਂ ਦੀਆਂ ਸਮੱਸਿਆਵਾਂ ਦਾ ਇਲਾਜ ਟਾਲਣਾ ਖਤਰਨਾਕ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸੰਤੁਲਿਤ ਖੁਰਾਕ, ਵਿਟਾਮਿਨ-ਏ ਯੁਕਤ ਭੋਜਨ, ਪੜ੍ਹਦੇ ਜਾਂ ਮੋਬਾਈਲ/ਕੰਪਿਊਟਰ ਦੀ ਵਰਤੋਂ ਦੌਰਾਨ ਸਹੀ ਰੌਸ਼ਨੀ ਅਤੇ ਸਮੇਂ-ਸਮੇਂ 'ਤੇ ਅੱਖਾਂ ਨੂੰ ਆਰਾਮ ਦੇਣ ਨਾਲ ਨਜ਼ਰ ਸੰਬੰਧੀ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ। ਅੱਖਾਂ ਵਿੱਚ ਧੁੰਦਲਾ ਦਿਖਾਈ ਦੇਣਾ, ਲਗਾਤਾਰ ਪਾਣੀ ਆਉਣਾ, ਲਾਲੀ ਜਾਂ ਦਰਦ ਵਰਗੇ ਲੱਛਣ ਨਜ਼ਰ ਆਉਣ 'ਤੇ ਤੁਰੰਤ ਨਜ਼ਦੀਕੀ ਸਰਕਾਰੀ ਸਿਹਤ ਸੰਸਥਾ ਨਾਲ ਸੰਪਰਕ ਕਰਕੇ ਜਾਂਚ ਕਰਵਾਉਣੀ ਚਾਹੀਦੀ ਹੈ।

# ਨਰੇਗਾ ਯੂਨੀਅਨ ਵੱਲੋਂ ਟੈਕਨੀਕਲ ਅਸਿਸਟੈਂਟ ਦੀ ਨਵੀਂ ਭਰਤੀ ਦਾ ਸਖ਼ਤ ਵਿਰੋਧ; ਸਰਕਾਰ ਖ਼ਿਲਾਫ਼ ਪੱਕੇ ਧਰਨੇ ਲਾਉਣ ਦੀ ਚੇਤਾਵਨੀ

**ਨਵਾਂਸ਼ਹਿਰ, 21 ਜੁਲਾਈ ( ਜਤਿੰਦਰ ਪਾਲ ਸਿੰਘ ਕਲੇਰ )** ਨਵਾਂਸ਼ਹਿਰ ਵਿਖੇ ਨਰੇਗਾ ਯੂਨੀਅਨ ਵੱਲੋਂ ਟੈਕਨੀਕਲ ਅਸਿਸਟੈਂਟ ਦੀ ਕੀਤੀ ਜਾ ਰਹੀ ਨਵੀਂ ਭਰਤੀ ਦਾ ਤਿੱਖਾ ਵਿਰੋਧ ਕੀਤਾ ਗਿਆ ਹੈ। ਧਰਨੇ 'ਤੇ ਬੈਠੇ ਯੂਨੀਅਨ ਆਗੂਆਂ ਨੇ ਦੱਸਿਆ ਕਿ ਉਹ ਪਿਛਲੇ 51 ਦਿਨਾਂ ਤੋਂ ਲਗਾਤਾਰ ਰੋਸ ਪ੍ਰਦਰਸ਼ਨ ਕਰ ਰਹੇ ਹਨ, ਪਰ ਅਫਸੋਸ ਦੀ ਗੱਲ ਹੈ ਕਿ ਸਰਕਾਰ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕ ਰਹੀ।ਆਗੂਆਂ ਨੇ ਦੁੱਖ ਪ੍ਰਗਟਾਉਂਦਿਆਂ ਕਿਹਾ ਕਿ ਪਿਛਲੇ 18 ਸਾਲਾਂ ਤੋਂ ਨਰੇਗਾ ਕਰਮਚਾਰੀ ਨਿਗੂਣੀਆਂ ਤਨਖ਼ਾਹਾਂ 'ਤੇ ਕੰਮ ਕਰ ਰਹੇ ਹਨ ਅਤੇ ਇਸ ਵੇਲੇ ਬਹੁਤ ਹੀ ਮਾੜੇ ਦੌਰ ਵਿੱਚੋਂ ਗੁਜ਼ਰ ਰਹੇ ਹਨ। ਉਨ੍ਹਾਂ ਦੱਸਿਆ ਕਿ ਕਰਮਚਾਰੀਆਂ ਦੀਆਂ ਪਿਛਲੇ 6 ਤੋਂ 8 ਮਹੀਨਿਆਂ ਦੀਆਂ ਤਨਖ਼ਾਹਾਂ ਰੋਕੀਆਂ ਹੋਈਆਂ ਹਨ। ਜਦੋਂ ਵੀ ਇਸ




ਬਾਰੇ ਅਫ਼ਸਰਸ਼ਾਹੀ ਨਾਲ ਗੱਲ ਕੀਤੀ ਜਾਂਦੀ ਹੈ ਤਾਂ ਕੋਈ ਨਾ ਕੋਈ ਬਹਾਨਾ ਬਣਾ ਕੇ ਨਾਂਹ-ਨੁੱਕਰ ਕਰ ਦਿੱਤੀ ਜਾਂਦੀ ਹੈ।ਯੂਨੀਅਨ ਨੇ ਦੋਸ਼ ਲਾਇਆ ਕਿ ਖੰਨਾ ਵਿਖੇ ਹੋਏ ਧਰਨੇ ਦੌਰਾਨ ਨਰੇਗਾ ਕਰਮਚਾਰੀਆਂ 'ਤੇ 'ਤੇ ਅੰਨ੍ਹੇਵਾਹ ਲਾਠੀਚਾਰਜ ਕਰਕੇ ਉਨ੍ਹਾਂ ਦੀ ਕੁੱਟਮਾਰ ਕੀਤੀ ਗਈ, ਜਿਸ ਵਿੱਚ ਕਈਆਂ ਦੀਆਂ ਲੱਤਾਂ-ਬਾਹਾਂ ਤੱਕ ਟੁੱਟ ਗਈਆਂ। ਉਨ੍ਹਾਂ ਕਿਹਾ ਕਿ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਹਰ ਮੀਟਿੰਗ ਵਿੱਚ ਝੂਠੇ ਭਰੋਸੇ ਦਿੰਦੇ ਹਨ, ਪਰ ਹੁਣ ਤੱਕ ਹੋਈਆਂ ਵੱਖ-ਵੱਖ ਮੀਟਿੰਗਾਂ ਦਾ ਕੋਈ ਸਿੱਟਾ ਨਹੀਂ ਨਿਕਲਿਆ।ਆਗੂਆਂ ਨੇ ਕਿਹਾ ਕਿ ਇੱਕ ਪਾਸੇ ਪੁਰਾਣੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਨਹੀਂ ਦਿੱਤੀਆਂ ਜਾ ਰਹੀਆਂ, ਜਦਕਿ ਦੂਜੇ ਪਾਸੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਨਵੇਂ ਟੈਕਨੀਕਲ ਅਸਿਸਟੈਂਟਾਂ ਦੀ ਭਰਤੀ ਕੀਤੀ ਜਾ ਰਹੀ ਹੈ। ਸਰਕਾਰ ਅਰਬਾਂ ਰੁਪਏ ਦਾ ਕਰਜ਼ਾ ਲੈ ਕੇ ਪੰਜਾਬ ਦੇ ਲੋਕਾਂ ਨੂੰ ਕਰਜ਼ਾਈ ਕਰ ਰਹੀ ਹੈ, ਪਰ ਜਦੋਂ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣ ਦੀ ਵਾਰੀ ਆਉਂਦੀ ਹੈ ਤਾਂ ਹਰ ਵਾਰ ਖ਼ਜ਼ਾਨਾ ਖ਼ਾਲੀ ਹੋਣ ਦਾ ਰੋਣਾ ਰੋਇਆ ਜਾਂਦਾ ਹੈ।

# ਸਕੂਟਰੀ ਨੂੰ ਅਣਪਛਾਤੇ ਵਾਹਨ ਨੇ ਮਾਰੀ ਟੱਕਰ, ਸਕੂਟਰੀ ਸਵਾਰ ਔਰਤ ਜਖਮੀ ਜਾਨੀ ਨੁਕਸਾਨ ਦਾ ਬਚਾਅ

**ਬਲਾਚੌਰ 21 ਜੁਲਾਈ(ਜਤਿੰਦਰ ਪਾਲ ਸਿੰਘ ਕਲੇਰ )** ਰੋਪੜ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਕਮਾਲਪੁਰ ਦੇ ਕੱਟ ਕੋਲ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਦੀਪ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਹਗੀਰ ਤੋਂ ਸੂਚਨਾ ਦਿੱਤੀ ਕਿ ਕਮਾਲਪੁਰ ਕੱਟ ਨਜਦੀਕ ਐਕਸੀਡੈਂਟ ਹੋ ਗਿਆ ਹੈ ਮੌਕੇ ਤੇ ਜਾ ਕੇ ਦੇਖਿਆ ਤਾਂ ਪਤਾ ਲੱਗਿਆ ਕਿ ਇੱਕ ਸਕੂਟਰੀ ਪੀ ਬੀ 74ਬੀ 7150 ਜਿਸ ਨੂੰ ਕਿ ਅਮਨਦੀਪ ਕੌਰ ਪੁੱਤਰੀ ਤਾਰਾ ਸਿੰਘ ਵਾਸੀ ਪਰਾਗਪੁਰ ਜ਼ਿਲਾਂ -ਸ.ਭ.ਸ ਨਗਰ ਚਲਾ ਰਹੀ ਸੀ ਇਹ ਬਲਾਚੌਰ ਤੋਂ ਰੋਪੜ ਵੱਲ ਗ਼ਲਤ ਦਿਸ਼ਾ ਤੋਂ ਨਹਿਰ ਵਾਲੇ ਪਾਸੇ ਜਾ ਰਹੀ ਸੀ ਜਦੋਂ ਸਕੂਟਰੀ ਕੱਟ ਦੇ ਨਜ਼ਦੀਕ ਪਹੁੰਚੀ ਤਾ ਸਕੂਟਰੀ ਨੂੰ ਕੋਈ ਅਣਪਛਾਤਾ ਵਾਹਨ ਫੇਟ ਮਾਰ ਗਿਆ ਜਿਸ ਨਾਲ ਸਕੂਟਰੀ ਸਵਾਰ ਸੜਕ ਤੇ ਡਿੱਗ ਪਈ।ਜਿਸ ਨਾਲ ਉਹ ਜਖਮੀ ਹੋ





ਗਈ ਜਿਸ ਨੂੰ ਐਸ ਐਸ ਐਫ ਦੀ ਟੀਮ ਵਲੋਂ ਇਲਾਜ ਲਈ ਸਿਵਲ ਹਸਪਾਲ ਬਲਾਚੌਰ ਪਹੁੰਚਾਇਆ ਗਿਆ ।

# ਦ ਨੋਰਵੁੱਡ ਸਕੂਲ ਚਾਹਲ ਦੇ ਵਿਦਿਆਰਥੀਆਂ ਨੇ ਸੀ ਬੀ ਐਸ ਈ ਕਲੱਸਟਰ ਲਾਨ ਟੈਨਿਸ ਚੈਂਪੀਅਨਸ਼ਿਪ, ਸੋਲਨ ਵਿਖੇ ਆਯੋਜਿਤ, ਟੂਰਨਾਮੈਂਟ ਵਿੱਚ ਲਿਆ ਹਿੱਸਾ

**ਬਲਾਚੌਰ 21 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਸਕੂਲ ਮੈਨੇਜਮੈਂਟ ਨੇ ਦੱਸਿਆ ਕਿ ਸਾਡੀਆਂ ਯੂ-14 ਅਤੇ ਯੂ-17 ਵਰਗ ਦੀਆਂ ਲੜਕੇ-ਲੜਕੀਆਂ ਦੀਆਂ ਲਾਨ ਟੈਨਿਸ ਟੀਮਾਂ ਨੇ ਦੁਰਗਾ ਪਬਲਿਕ ਸਕੂਲ, ਸੋਲਨ ਵਿਖੇ ਆਯੋਜਿਤ ਸੀ ਬੀ ਐਸ ਈ ਕਲੱਸਟਰ ਲਾਨ ਟੈਨਿਸ ਚੈਂਪੀਅਨਸ਼ਿਪ ਵਿੱਚ ਸਕੂਲ ਦੀ ਮਾਣਮੱਤੀ ਨੁਮਾਇੰਦਗੀ ਕੀਤੀ। ਦ੍ਰਿੜ੍ਹ ਇਰਾਦੇ, ਅਨੁਸ਼ਾਸਨ ਅਤੇ ਸ਼ਾਨਦਾਰ ਖੇਡ-ਭਾਵਨਾ ਦਾ ਪ੍ਰਦਰਸ਼ਨ ਕਰਦਿਆਂ, ਸਾਡੇ ਨੌਜਵਾਨ ਖਿਡਾਰੀਆਂ ਨੇ ਪੂਰੇ ਆਤਮ-ਵਿਸ਼ਵਾਸ ਨਾਲ ਟੂਰਨਾਮੈਂਟ ਵਿੱਚ ਭਾਗ ਲਿਆ ਲੈ ਕੇ ਕੀਮਤੀ ਤਜਰਬਾ ਹਾਸਲ ਕੀਤਾ ਅਤੇ ਆਪਣੀ ਲਗਨ ਤੇ ਟੀਮ ਭਾਵਨਾ ਸਦਕਾ ਸਕੂਲ ਦਾ ਮਾਣ ਵਧਾਇਆ।





# ਬਲਾਚੌਰ ਦੇ ਪਿੰਡ ਬਛੌੜੀ ਵਿਖੇ ਪ੍ਰੋਫੈਸਰ ਵਰਿੰਦਰ ਕਲੇਰ ਦੇ ਪਿਤਾ ਸ਼੍ਰੀ ਗਿਆਨ ਚੰਦ ਕਲੇਰ ਦੀ ਸ਼ੋਕ ਸਭਾ ਵਿੱਚ ਪਹੁੰਚੀਆਂ ਨਾਮਵਰ ਸ਼ਖਸੀਅਤਾਂ

**ਬਲਾਚੌਰ, 21 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਪਿੰਡ ਬਛੌੜੀ ਵਿਖੇ ਇਲਾਕੇ ਦੇ ਪ੍ਰਸਿੱਧ ਕਲੇਰ ਪਰਿਵਾਰ ਦੇ ਮੁਖੀ ਅਤੇ ਗਿਆਨ ਚੰਦ ਕਲੇਰ (ਜੋ ਕਿ ਪ੍ਰੋਫੈਸਰ ਵਰਿੰਦਰ ਕਲੇਰ ਦੇ ਪਿਤਾ ਸਨ) ਨਮਿਤ ਸ਼ੋਕ ਸਭਾ ਦਾ ਆਯੋਜਨ ਕੀਤਾ ਗਿਆ। ਇਸ ਦੁੱਖ ਦੀ ਘੜੀ ਵਿੱਚ ਇਲਾਕੇ ਭਰ ਤੋਂ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਪ੍ਰਮੁੱਖ ਸ਼ਖਸੀਅਤਾਂ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸੋਗਗ੍ਰਸਤ ਪਰਿਵਾਰ ਨਾਲ ਗਹਿਰੇ ਦੁੱਖ ਅਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ।

ਇਸ ਮੌਕੇ ਗੁੱਜਰ ਵੈਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਅਤੇ ਮਰਹੂਮ ਗਿਆਨ ਚੰਦ ਕਲੇਰ ਨੂੰ ਨਮ ਅੱਖਾਂ ਨਾਲ



ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਪਰਿਵਾਰ ਦੇ ਮੁਖੀ ਦਾ ਇਸ ਤਰ੍ਹਾਂ ਚਲੇ ਜਾਣਾ ਪਰਿਵਾਰ ਲਈ ਹੀ ਨਹੀਂ ਸਗੋਂ ਸਮੁੱਚੇ ਇਲਾਕੇ ਲਈ ਇੱਕ ਨਾ ਪੂਰਿਆ ਜਾਣ ਵਾਲਾ ਘਾਟਾ ਹੈ। ਉਨ੍ਹਾਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ਣ ਅਤੇ ਪਿੱਛੇ ਰਹਿ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

ਸ਼ੋਕ ਸਭਾ ਦੌਰਾਨ ਇਲਾਕੇ ਦੇ ਮੋਹਤਬਰ ਵਿਅਕਤੀਆਂ, ਰਿਸ਼ਤੇਦਾਰਾਂ ਅਤੇ ਨੇੜਲੇ ਸਾਥੀਆਂ ਵੱਲੋਂ ਵੱਡੀ ਗਿਣਤੀ ਵਿੱਚ ਹਾਜ਼ਰ ਹੋ ਕੇ ਸ਼੍ਰੀ ਗਿਆਨ ਚੰਦ ਕਲੇਰ ਨੂੰ ਯਾਦ ਕੀਤਾ ਗਿਆ ਅਤੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਗਈ।

# ਪਿੰਡ ਰੁੜਕੀ ਮੁਗਲਾਂ ਵਿਖੇ ਕ੍ਰਿਕਟ ਟੂਰਨਾਮੈਂਟ ਦਾ ਸ਼ਾਨਦਾਰ ਆਗਾਜ਼; ਸੀਨੀਅਰ 'ਆਪ' ਆਗੂ ਅਸ਼ੋਕ ਕਟਾਰੀਆ ਨੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ

**ਬਲਾਚੌਰ, 21 ਜੁਲਾਈ (ਜਤਿੰਦਰਪਾਲ ਸਿੰਘ ਕਲੇਰ)**: ਪਿੰਡ ਰੁੜਕੀ ਮੁਗਲਾਂ ਵਿਖੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਅਤੇ ਇਲਾਕੇ ਵਿੱਚ ਖੇਡ ਮਾਹੌਲ ਸਿਰਜਣ ਦੇ ਮਕਸਦ ਨਾਲ ਕਰਵਾਏ ਜਾ ਰਹੇ ਕ੍ਰਿਕਟ ਟੂਰਨਾਮੈਂਟ ਦੌਰਾਨ ਉਤਸ਼ਾਹ ਭਰਿਆ ਮਾਹੌਲ ਦੇਖਣ ਨੂੰ ਮਿਲਿਆ। ਇਸ ਟੂਰਨਾਮੈਂਟ ਵਿੱਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਸ਼ੋਕ ਕਟਾਰੀਆ ਨੇ ਉੱਚੇਚੇ ਤੌਰ 'ਤੇ ਹਾਜ਼ਰੀ ਭਰਦਿਆਂ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ।



ਇਸ ਮੌਕੇ ਉਨ੍ਹਾਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਮੈਦਾਨ ਵਿੱਚ ਖੇਡ ਰਹੇ ਖਿਡਾਰੀਆਂ ਨਾਲ ਮੁਲ-ਾਕਾਤ ਕੀਤੀ, ਉਨ੍ਹਾਂ ਦਾ ਭਰਵਾਂ ਹੌਸਲਾ ਵਧਾਇਆ ਅਤੇ ਉਨ੍ਹਾਂ ਨੂੰ ਪੂਰੀ ਖੇਡ ਭਾਵਨਾ ਨਾਲ ਅੱਗੇ ਵਧਣ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਅਸ਼ੋਕ ਕਟਾਰੀਆ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸਖ਼ਤ ਸੁਨੇ-ਹਾ ਦਿੰਦਿਆਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਹੀ ਇੱਕ ਸਿਹਤਮੰਦ ਅਤੇ ਨਸ਼ਾ-ਮੁਕਤ ਸਮਾਜ ਦੀ ਸਿਰਜਣਾ ਲਈ ਇੱਕ ਮਜ਼ਬੂਤ ਨੀਂਹ ਹੈ। ਉਨ੍ਹਾਂ ਆਖਿਆ ਕਿ ਖੇਡਾਂ ਨੌਜਵਾਨਾਂ ਦੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਬਹੁਤ ਜ਼ਰੂਰੀ ਹਨ। ਇਸ ਸ਼ਾਨਦਾਰ ਖੇਡ ਮੇਲੇ ਦੇ ਆਯੋਜਨ ਲਈ ਉਨ੍ਹਾਂ ਟੂਰਨਾਮੈਂਟ ਦੀ ਆਯੋਜਕ ਕਮੇਟੀ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਮੇਟੀ ਮੈਂਬਰਾਂ ਨੂੰ ਦਿਲੋਂ ਵਧਾਈ ਦਿੱਤੀ। ਅੰਤ ਵਿੱਚ ਉਨ੍ਹਾਂ ਸਮੁੱਚੇ ਪ੍ਰਬੰਧਕਾਂ ਅਤੇ ਖਿਡਾਰੀਆਂ ਨੂੰ ਟੂਰਨਾਮੈਂਟ ਦੀ ਸਫਲਤਾ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ।

# ਪੰਜਾਬ ਸਰਕਾਰ ਦਾ ਇਤਿਹਾਸਕ ਕਦਮ: ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਦੇ ਨਿਯੰਤਰਣ ਲਈ ਅੱਜ ਤੋਂ ਖੁੱਲ੍ਹੇਗਾ ਵਿਸ਼ੇਸ਼ ਪੋਰਟਲ

**ਬਲਾਚੌਰ, 21 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਪੰਜਾਬ ਸਰਕਾਰ ਵੱਲੋਂ ਸੂਬੇ ਭਰ ਦੇ ਪ੍ਰਾਈਵੇਟ ਸਕੂਲਾਂ ਵਿੱਚ ਫੀਸਾਂ ਦੇ ਨਾਂ ਹੁੰਦੀ ਲੁੱਟ ਨੂੰ ਰੋਕਣ ਅਤੇ ਮਾਪਿਆਂ ਨੂੰ ਵੱਡੀ ਰਾਹਤ ਦੇਣ ਦੇ ਮਕਸਦ ਨਾਲ ਇੱਕ ਅਹਿਮ ਅਤੇ ਸਖ਼ਤ ਫੈਸਲਾ ਲਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਆਪ ਯੂਥ ਪ੍ਰਧਾਨ ਹਲਕਾ ਬਲਾਚੌਰ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ(ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ) ਕਰਨਵੀਰ ਸਿੰਘ ਕਟਾਰੀਆ ਨੇ ਦੱਸਿਆ ਕਿ ਪ੍ਰਾਈਵੇਟ ਸਕੂਲਾਂ ਦੀ ਕਾਰਜਪ੍ਰਣਾਲੀ ਵਿੱਚ ਪਾਰਦਰਸ਼ਤਾ ਲਿਆਉਣ ਅਤੇ ਫੀਸਾਂ ਨੂੰ ਨੇਮਾਂ ਅਧੀਨ ਲਿਆਉਣ ਲਈ ਅੱਜ ਤੋਂ ਸਰਕਾਰ ਵੱਲੋਂ ਇੱਕ ਵਿਸ਼ੇਸ਼ ਪੋਰਟਲ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਨਵੇਂ ਪੋਰਟਲ ਦੇ ਸੰਚਾਲਨ ਸਬੰਧੀ ਵਿਸਤ੍ਰਿਤ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਸ ਪੋਰਟਲ ਵਿੱਚ



ਪ੍ਰਾਈਵੇਟ ਸਕੂਲਾਂ ਨੂੰ ਆਪਣੀਆਂ ਫੀਸਾਂ ਦਾ ਵੇਰਵਾ ਦੇਣ ਲਈ 10 ਦਿਨਾਂ ਦਾ ਸਮਾਂ ਦਿੱਤਾ ਜਾਵੇਗਾ, ਜਦੋਂ ਕਿ ਫੀਸ ਨਾਲ ਜੁੜੀ ਪੂਰੀ ਅਤੇ ਅੰਤਿਮ ਜਾਣਕਾਰੀ ਦੇਣ ਲਈ ਕੁੱਲ ਇੱਕ ਮਹੀਨੇ ਦਾ ਸਮਾਂ ਮੁਹੱਈਆ ਕਰਵਾਇਆ ਜਾਵੇਗਾ। ਸਾਰੇ ਪ੍ਰਾਈਵੇਟ ਸਕੂਲਾਂ ਲਈ ਇਹ ਲਾਜ਼ਮੀ ਕੀਤਾ ਗਿਆ ਹੈ ਕਿ ਉਹ ਆਪਣਾ ਪਿਛਲੇ 4 ਸਾਲ ਦਾ ਵੇਰਵਾ ਇਸ ਪੋਰਟਲ 'ਤੇ ਦਰਜ ਕਰਨ, ਜਿਸ ਨਾਲ ਪਿਛਲੇ ਸਮੇਂ ਦੌਰਾਨ ਕੀਤੇ ਗਏ ਫੀਸ ਵਾਧੇ ਦੀ ਪੂਰੀ ਪੜਤਾਲ ਕੀਤੀ ਜਾ ਸਕੇਗੀ। ਕਰਨਵੀਰ ਕਟਾਰੀਆ ਨੇ ਅੱਗੇ ਦੱਸਿਆ ਕਿ ਸਰਕਾਰ ਦੇ ਇਸ ਆਰਡੀਨੈਂਸ ਤਹਿਤ ਸਪੱਸ਼ਟ ਨਿਯਮ ਬਣਾਏ ਗਏ ਹਨ ਕਿ ਜੇਕਰ ਕਿਸੇ ਸਕੂਲ ਵੱਲੋਂ ਫੀਸ 15 ਫ਼ੀਸਦ ਤੋਂ ਵੱਧ ਵਧਾਈ ਗਈ ਹੋਈ, ਤਾਂ ਉਸ ਸਕੂਲ ਨੂੰ 10 ਫ਼ੀਸਦ ਫੀਸ ਵਾਪਸ ਕਰਨੀ ਪਵੇਗੀ। ਇਸ ਅਹਿਮ ਆਰਡੀਨੈਂਸ ਦੇ ਦਾਇਰੇ ਵਿੱਚ ਪੰਜਾਬ ਭਰ ਦੇ ਲਗਭਗ 7,800 ਸਕੂਲ ਅਤੇ ਉਨ੍ਹਾਂ ਵਿੱਚ ਪੜ੍ਹ ਰਹੇ 32 ਲੱਖ ਵਿਦਿਆਰਥੀ ਸਿੱਧੇ ਤੌਰ 'ਤੇ ਕਵਰ ਕੀਤੇ ਜਾਣਗੇ, ਜਿਸ ਨਾਲ ਆਮ ਪਰਿਵਾਰਾਂ ਅਤੇ ਵਿਦਿਆਰਥੀਆਂ ਦੇ ਹਿੱਤਾਂ ਦੀ ਪੂਰੀ ਸੁਰੱਖਿਆ ਯਕੀਨੀ ਬਣਾਈ ਜਾਵੇਗੀ।

ਇਸ ਫੈਸਲੇ ਨਾਲ ਇਲਾਕੇ ਭਰ ਦੇ ਮਾਪਿਆਂ ਅਤੇ ਸੂਝਵਾਨ ਵਰਗ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਅਤੇ ਉਨ੍ਹਾਂ ਪੰਜਾਬ ਸਰਕਾਰ ਦੇ ਇਸ ਕਦਮ ਦੀ ਭਰਪੂਰ ਸ਼ਲਾਘਾ ਕੀਤੀ ਹੈ।

for more news visit:
www.samajweekly.com

# ਪੰਜਾਬ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਮਦ ਦੇ ਬਹੁਤ ਹੀ ਮਾਅਨੇ, ਵੱਡਾ ਸਿਆਸੀ ਧਮਾਕਾ

**.. ਫੇਰੀ ਦੌਰਾਨ ਹਰੇ ਰੰਗ ਦੀ ਦਸਤਾਰ ਸਜਾਉਣਾ ਹਰ ਪਾਸੇ ਚਰਚਾ ਦਾ ਵਿਸ਼ਾ ਬਣਿਆ, ਇਹ ਵੀ ਇੱਕ ਵੱਡਾ ਸਿਆਸੀ ਧਮਾਕਾ ਹਰੇ ਰੰਗ ਦੀ ਪੱਗ ਸਜਾਉਣ ਪਿਛੇ ਵੀ ਮੋਦੀ ਦਾ ਪੰਜਾਬ ਦੇ ਕਿਸਾਨਾਂ ਨੂੰ ਵੱਡਾ ਸੰਦੇਸ਼**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੰਜਾਬ ਦੌਰਾ ਸਿਰਫ਼ ਸਰਕਾਰੀ ਪ੍ਰੋਗਰਾਮਾਂ ਤੱਕ ਸੀਮਤ ਨਹੀਂ, ਸਗੋਂ ਇਸ ਦੇ ਡੂੰਘੇ ਸਿਆਸੀ ਅਰਥ ਵੀ ਹਨ। ਜਦੋਂ ਦੇਸ਼ ਵਿਚ ਕਈ ਰਾਜਾਂ ਦੀਆਂ ਚੋਣਾਂ ਅਤੇ ਪੰਜਾਬ ਵਿਚ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦਾ ਮਾਹੌਲ ਬਣ ਰਿਹਾ ਹੈ, ਤਾਂ ਅਜਿਹੇ ਸਮੇਂ ਵਿਚ ਮੋਦੀ ਦੀ ਪੰਜਾਬ ਫੇਰੀ ਨੂੰ ਭਾਜਪਾ ਦੀ ਲੰਬੀ ਰਣਨੀਤੀ ਦੇ ਇਕ ਮਹੱਤਵਪੂਰਨ ਹਿੱਸੇ ਵਜੋਂ ਦੇਖਿਆ ਜਾ ਸਕਦਾ ਹੈ। ਪੰਜਾਬ ਲੰਬੇ ਸਮੇਂ ਤੋਂ ਭਾਜਪਾ ਲਈ ਇਕ ਚੁਣੌਤੀਪੂਰਨ ਸਿਆਸੀ ਧਰਤੀ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਟੁੱਟਣ ਤੋਂ ਬਾਅਦ ਭਾਜਪਾ ਆਪਣੇ ਦਮ 'ਤੇ ਸਿਆਸੀ ਜ਼ਮੀਨ ਤਿਆਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਅਜਿਹੇ ਵਿਚ ਪ੍ਰਧਾਨ ਮੰਤਰੀ ਦਾ ਦੌਰਾ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਹੈ ਕਿ ਕੇਂਦਰ ਸਰਕਾਰ ਪੰਜਾਬ ਨੂੰ ਆਪਣੀਆਂ ਤਰਜੀਹਾਂ ਵਿਚ ਸ਼ਾਮਲ ਰੱਖਦੀ ਹੈ ਅਤੇ ਵਿਕਾਸ ਬਾਬਤ ਯੋਜਨਾਵਾਂ ਰਾਹੀਂ ਲੋਕਾਂ ਦਾ ਭਰੋਸਾ ਜਿੱਤਣਾ ਚਾਹੁੰਦੀ ਹੈ। ਦੂਜੇ ਪਾਸੇ, ਇਹ ਦੌਰਾ ਵਿਰੋਧੀ ਧਿਰਾਂ ਲਈ ਵੀ ਇਕ ਰਾਜਨੀਤਕ ਚੁਣੌਤੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ, ਕਾਂਗਰਸ ਅਤੇ ਹੋਰ ਖੇਤਰੀ ਪਾਰਟੀਆਂ ਆਪੋ-ਆਪਣੇ ਢੰਗ ਨਾਲ ਇਸ ਦੌਰੇ ਦੀ ਵਿਆਖਿਆ ਕਰ ਰਹੀਆਂ ਹਨ। ਕੋਈ ਇਸ ਨੂੰ ਕੇਂਦਰ ਵੱਲੋਂ ਪੰਜਾਬ ਨੂੰ ਵਿਕਾਸ ਦੀ ਨਵੀਂ ਦਿਸ਼ਾ ਦੇਣ ਦੀ ਕੋਸ਼ਿਸ਼ ਦੱਸਦਾ ਹੈ, ਤੇ ਕੋਈ ਇਸ ਨੂੰ ਚੁਣਾਵੀ ਰਾਜਨੀਤੀ ਦਾ ਹਿੱਸਾ ਮੰਨਦਾ ਹੈ। ਇਹ ਸਿਆਸੀ ਪ੍ਰਤੀਕਰਮ ਦਰਸਾਉਂਦੇ ਹਨ ਕਿ ਪੰਜਾਬ ਦੀ ਰਾਜਨੀਤੀ ਵਿਚ ਭਾਜਪਾ ਦੀ ਸਰਗਰਮੀ ਹੁਣ ਪਹਿਲਾਂ ਨਾਲੋਂ ਕਾਫ਼ੀ ਵੱਧ ਗੰਭੀਰ ਹੋ ਗਈ ਹੈ। ਸਿਆਸਤ ਵਿਚ ਰੰਗ ਕਦੇ ਵੀ ਸਿਰਫ਼ ਰੰਗ ਨਹੀਂ ਹੁੰਦੇ, ਉਹ ਸੰਦੇਸ਼ ਵੀ ਬਣ ਜਾਂਦੇ ਹਨ।



ਪੰਜਾਬ ਫੇਰੀ ਦੌਰਾਨ ਪ੍ਰਧਾਨ ਮੰਤਰੀ ਵੱਲੋਂ ਹਰੇ ਰੰਗ ਦੀ ਦਸਤਾਰ ਸਜਾਉਣਾ ਚਰਚਾ ਦਾ ਵਿਸ਼ਾ ਬਣਿਆ ਹੈ। ਸਵਾਲ ਇਹ ਨਹੀਂ ਕਿ ਪੱਗ ਦਾ ਰੰਗ ਕੀ ਸੀ, ਸਵਾਲ ਇਹ ਹੈ ਕਿ ਉਸ ਦੇ ਪਿੱਛੇ ਲੋਕਾਂ ਤੱਕ ਕਿਹੜਾ ਸੰਦੇਸ਼ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ। ਚੋਣੀ ਰਾਜਨੀਤੀ ਵਿਚ ਪ੍ਰਤੀਕਾਂ ਦੀ ਆਪਣੀ ਭਾਸ਼ਾ ਹੁੰਦੀ ਹੈ ਅਤੇ ਨੇਤਾ ਅਕਸਰ ਸਥਾਨਕ ਭਾਵਨਾਵਾਂ ਨਾਲ ਜੁੜਨ ਲਈ ਅਜਿਹੇ ਪ੍ਰਤੀਕ ਵਰਤਦੇ ਹਨ। ਪਰ ਲੋਕਤੰਤਰ ਵਿਚ ਪ੍ਰਤੀਕਾਂ ਦੀ ਅਸਲ ਕੀਮਤ ਉਦੋਂ ਹੀ ਬਣਦੀ ਹੈ ਜਦੋਂ ਉਹ ਨੀਤੀਆਂ ਅਤੇ ਫ਼ੈਸਲਿਆਂ ਵਿਚ ਵੀ ਨਜ਼ਰ ਆਉਣ। ਜੇ ਪਹਿਰਾਵਾ ਲੋਕਾਂ ਦੇ ਦਿਲ ਜਿੱਤਣ ਦਾ ਸਾਧਨ ਹੈ ਤਾਂ ਲੋਕਾਂ ਦੀਆਂ ਉਮੀਦਾਂ ਪੂਰੀਆਂ ਕਰਨਾ ਵੀ ਸਭ ਤੋਂ ਵੱਡੀ ਕਸੌਟੀ ਹੈ। ਭਾਜਪਾ ਲਈ ਇਹ ਦੌਰਾ ਆਪਣੇ ਸੰਗਠਨ ਨੂੰ ਮਜ਼ਬੂਤ ਕਰਨ ਤੇ ਨਵੇਂ ਸਮਾਜਿਕ ਤਬਕਿਆਂ ਤੱਕ ਪਹੁੰਚ ਬਣਾਉਣ ਦਾ ਵੀ ਇਕ ਯਤਨ ਹੈ। ਪਾਰਟੀ ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਸ਼ਹਿਰੀ ਵੋਟਰਾਂ ਦੇ ਨਾਲ-ਨਾਲ ਨੌਜਵਾਨਾਂ ਅਤੇ ਕਿਸਾਨਾਂ ਵਿਚ ਵੀ ਆਪਣੀ ਪਕੜ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪ੍ਰਧਾਨ ਮੰਤਰੀ ਦੀ ਮੌਜੂਦਗੀ ਕਾਰਕੁਨਾਂ ਵਿਚ ਨਵਾਂ ਜੋਸ਼ ਭਰ ਸਕਦੀ ਹੈ ਅਤੇ ਪਾਰਟੀ ਨੂੰ ਆਉਣ ਵਾਲੀਆਂ ਚੋਣਾਂ ਲਈ ਸਿਆਸੀ ਮਾਹੌਲ ਤਿਆਰ ਕਰਨ ਵਿਚ ਮਦਦ ਕਰ ਸਕਦੀ ਹੈ।

ਪੀਐੱਮ ਮੋਦੀ ਦਾ ਪੰਜਾਬ ਦੌਰਾ ਸਿਰਫ਼ ਇਕ ਸਰਕਾਰੀ ਸਮਾਗਮ ਨਹੀਂ, ਸਗੋਂ ਇਕ ਮਹੱਤਵਪੂਰਨ ਸਿਆਸੀ ਸੰਦੇਸ਼ ਵੀ ਹੈ। ਇਹ ਪੈਗ਼ਾਮ ਵਿਕਾਸ, ਕੇਂਦਰ-ਰਾਜ ਸਬੰਧਾਂ ਅਤੇ ਭਾਜਪਾ ਦੀ ਪੰਜਾਬ ਵਿਚ ਭਵਿੱਖੀ ਰਣਨੀਤੀ ਨਾਲ ਜੁੜਿਆ ਹੋਇਆ ਹੈ। ਹਾਲਾਂਕਿ ਇਸ ਦੌਰੇ ਦੀ ਅਸਲ ਸਫਲਤਾ ਦਾ ਫ਼ੈਸਲਾ ਭਾਸ਼ਣਾਂ ਜਾਂ ਸਮਾਗਮਾਂ ਨਾਲ ਨਹੀਂ, ਸਗੋਂ ਇਸ ਗੱਲ ਨਾਲ ਹੋਵੇਗਾ ਕਿ ਪੰਜਾਬ ਦੇ ਲੋਕਾਂ ਦੇ ਜੀਵਨ ਨਾਲ ਜੁੜੇ ਮੁੱਦਿਆਂ 'ਤੇ ਕਿੰਨੀ ਪ੍ਰਭਾਵਸ਼ਾਲੀ ਕਾਰਵਾਈ ਹੁੰਦੀ ਹੈ। ਪੰਜਾਬ ਦੀ ਸਿਆਸਤ ਵਿਚ ਪ੍ਰਤੀਕਾਂ ਦਾ ਮਹੱਤਵ ਹੈ, ਪਰ ਲੋਕ ਅੰਤ ਵਿਚ ਨਤੀਜੇ ਅਤੇ ਭਰੋਸੇਯੋਗ ਨੀਤੀਆਂ ਨੂੰ ਹੀ ਤਰਜੀਹ ਦਿੰਦੇ ਹਨ। ਇਸ ਲਈ ਇਹ ਦੌਰਾ ਸਿਆਸੀ ਸੰਦੇਸ਼ ਦੇਣ ਦੇ ਨਾਲ-ਨਾਲ ਕੇਂਦਰ ਸਰਕਾਰ ਲਈ ਆਪਣੀਆਂ ਵਚਨਬੱਧਤਾਵਾਂ ਨੂੰ ਅਮਲ ਵਿਚ ਬਦਲਣ ਦੀ ਵੀ ਇਕ ਅਹਿਮ ਕਸੌਟੀ ਹੈ॥



**ਸੀਨੀਅਰ ਪੱਤਰਕਾਰ
ਜਤਿੰਦਰ ਪਾਲ ਸਿੰਘ ਕਲੇਰ
ਨਵਾਂਸ਼ਹਿਰ ਮੋਬਾਈਲ
9814009561**

## ਵਾਈਟ ਰੌਕ 'ਚ ਵਿਸ਼ੇਸ਼ ਵ੍ਹੀਲਚੇਅਰ ਸੇਵਾ ਸ਼ੁਰੂ

**ਵੈਨਕੂਵਰ, ਜੁਲਾਈ ( ਮਲਕੀਤ ਸਿੰਘ )–** ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ 'ਚ ਅਮਰੀਕਾ ਦੀ ਸਰਹੱਦ ਨੇੜਲੇ ਸੈਲਾਨੀ ਸਥਾਨ ਵਾਈਟ ਰੌਕ 'ਚ ਅਪਾਹਜ ਅਤੇ ਤੁਰਨ-ਫਿਰਨ ਵਿੱਚ ਦਿੱਕਤ ਮਹਿਸੂਸ ਕਰਨ ਵਾਲੇ ਲੋਕਾਂ ਲਈ ਸਮੁੰਦਰੀ ਕੰਢੇ ਤੱਕ ਆਸਾਨ ਪਹੁੰਚ ਯਕੀਨੀ ਬਣਾਉਣ ਵਾਸਤੇ ਵਿਸ਼ੇਸ਼ ਵ੍ਹੀਲਚੇਅਰ ਸੇਵਾ ਦਾ ਅਜ਼ਮਾਇਸ਼ੀ ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਹ ਉਪਰਾਲਾ ਸ਼ਹਿਰ ਦੇ ਪ੍ਰਸ਼ਾਸਨ, ਸਥਾਨਕ ਸਹਿਯੋਗੀ ਸੰਸਥਾਵਾਂ ਅਤੇ ਸਲਾਹਕਾਰ ਕਮੇਟੀ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਯੋਜਨਾ ਤਹਿਤ ਖ਼ਾਸ ਤੌਰ 'ਤੇ ਤਿਆਰ ਕੀਤੀਆਂ ਵ੍ਹੀਲਚੇਅਰਾਂ ਰਾਹੀਂ ਅਪਾਹਜ ਲੋਕ ਵੀ ਸਮੁੰਦਰੀ ਕੰਢੇ ਤੱਕ ਆਸਾਨੀ ਨਾਲ ਪਹੁੰਚ ਕੇ ਸਮੁੰਦਰੀ ਛੱਲਾ ਦਾ ਦਾ ਆਨੰਦ ਮਾਣ ਸਕਣਗੇ।




## ਆਸਰਾ ਫਾਊਂਡੇਸ਼ਨ ਵੱਲੋਂ ਬੂਟੇ ਲਗਾ ਕੇ ਮਨਾਇਆ ਪੱਤਰਕਾਰ ਕੁਲਵਿੰਦਰਜੀਤ ਸਿੰਘ ਭਾਟੀਆ ਦਾ ਜਨਮ ਦਿਨ

**ਹਰ ਵਿਅਕਤੀ ਆਪਣੇ ਜਨਮ ਦਿਨ ਅਤੇ ਹੋਰ ਖ਼ੁਸ਼ੀ ਦੇ ਮੌਕੇ ਤੇ ਇਕ ਬੂਟਾ ਜਰੂਰ ਲਗਾਵੇ – ਪ੍ਰਧਾਨ ਆਸਰਾ ਫਾਊਂਡੇਸ਼ਨ**

**ਸ੍ਰੀ ਅਨੰਦਪੁਰ ਸਾਹਿਬ**

ਵਾਤਾਵਰਣ ਦੀ ਸੰਭਾਲ ਅਤੇ ਸਮਾਜ ਸੇਵਾ ਨੂੰ ਸਮਰਪਿਤ ਸੰਸਥਾ ਆਸਰਾ ਫਾਊਂਡੇਸ਼ਨ (ਰਜਿ.) ਸ੍ਰੀ ਅਨੰਦਪੁਰ ਸਾਹਿਬ ਵੱਲੋਂ ਸੀਨੀਅਰ ਪੱਤਰਕਾਰ ਅਤੇ ਜਨਰਲ ਸਕੱਤਰ, ਜ਼ਿਲ੍ਹਾ ਪ੍ਰੈਸ ਕਲੱਬ ਰੂਪਨਗਰ ਕੁਲਵਿੰਦਰਜੀਤ ਸਿੰਘ ਭਾਟੀਆ ਦਾ ਜਨਮ ਦਿਨ ਸ੍ਰੀ ਦਸ਼ਮੇਸ਼ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਖ-ਵੱਖ ਕਿਸਮਾਂ ਦੇ ਛਾਂ-ਦਾਰ ਅਤੇ ਫਲਦਾਰ ਬੂਟੇ ਲਗਾ ਕੇ ਮਨਾਇਆ ਗਿਆ। ਇਸ ਮੌਕੇ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ਼-ਸੁਥਰਾ ਵਾਤਾਵਰਣ ਸਿਰਜਣ ਦਾ ਸੰਦੇਸ਼ ਦਿੱਤਾ ਗਿਆ। ਇਸ ਦੌਰਾਨ ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਜਸਦੀਪ ਸਿੰਘ ਧਾਰੀਵਾਲ ਅਤੇ ਮੈਂਬਰਾਂ ਵੱਲੋਂ ਕੁਲਵਿੰਦਰਜੀਤ ਸਿੰਘ ਭਾਟੀਆ ਨੂੰ ਜਨਮ ਦਿਨ ਦੀਆਂ ਸ਼ੁਭਕਾਮਨਾਵਾਂ ਭੇਟ ਕਰਦਿਆਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਹਾਜ਼ਰ ਸ਼ਖ਼ਸੀਅਤਾਂ ਨੇ ਕਿਹਾ ਕਿ ਜਨਮ ਦਿਨ ਜਾਂ ਹੋਰ ਖ਼ੁਸ਼ੀ ਦੇ ਮੌਕਿਆਂ ਨੂੰ ਬੂਟੇ ਲਗਾ ਕੇ ਮਨਾਉਣਾ ਇੱਕ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ, ਜਿਸ ਨਾਲ ਸਮਾਜ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਦਾ ਸੁਨੇਹਾ ਜਾਂਦਾ ਹੈ। ਕੁਲਵਿੰਦਰਜੀਤ ਸਿੰਘ ਭਾਟੀਆ ਨੇ ਆਸਰਾ



ਫਾਊਂਡੇਸ਼ਨ ਵੱਲੋਂ ਜਨਮ ਦਿਨ ਮੌਕੇ ਕੀਤੇ ਇਸ ਵਿਲੱਖਣ ਉਪਰਾਲੇ ਅਤੇ ਸਨਮਾਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਬੂਟੇ ਲਗਾਉਣਾ ਹੀ ਨਹੀਂ, ਸਗੋਂ ਉਨ੍ਹਾਂ ਦੀ ਸੰਭਾਲ ਕਰਨਾ ਵੀ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲਿਆਂ ਨੂੰ ਹੋਰ ਉਤਸ਼ਾਹਿਤ ਕਰਨ ਦੀ ਲੋੜ ਹੈ ਤਾਂ ਜੋ ਵਾਤਾਵਰਣ ਦੀ ਸੰਭਾਲ ਦੇ ਨਾਲ-ਨਾਲ ਸਮਾਜ ਵਿੱਚ ਹਰਿਆਵਲ ਦਾ ਘੇਰਾ ਹੋਰ ਵਿਸ਼ਾਲ ਕੀਤਾ ਜਾ ਸਕੇ। ਇਸ ਮੌਕੇ ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਜਸਦੀਪ ਸਿੰਘ ਧਾਰੀਵਾਲ, ਰਾਜ ਘਈ, ਨਵਜੀਤ ਸਿੰਘ, ਸੁਧੀਰ ਸੰਦਲ, ਐਡਵੋਕੇਟ ਹਰਨਮਨਪ੍ਰੀਤ ਸਿੰਘ ਭਾਟੀਆ, ਭਾਰਤ ਭੂਸ਼ਣ ਕੋਆਰਡੀਨੇਟਰ ਸ੍ਰੀ ਦਸ਼ਮੇਸ਼ ਅਕੈਡਮੀ, ਰਸਵਿੰਦਰ ਸਿੰਘ ਪ੍ਰਧਾਨ ਮਾਤਾ ਜੀਤੋ ਜੀ ਜੱਚਾ-ਬੱਚਾ ਸੰਸਥਾ ਅਤੇ ਕੇਅਰ ਵਨ ਕੇਅਰ ਆਲ ਗਰੁੱਪ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜ਼ਰ ਸਨ।

# ਬੂਟੇ ਲਗਾ ਕੇ ਮਨਾਇਆ ਗੌਰਵ ਧੀਮਾਨ ਦਾ ਜਨਮਦਿਨ, ਵਾਤਾਵਰਣ ਸੰਭਾਲ ਦਾ ਦਿੱਤਾ ਸੰਦੇਸ਼

**ਸ੍ਰੀ ਅਨੰਦਪੁਰ ਸਾਹਿਬ ( ਸੰਜੀਵ ਧਰਮਾਣੀ )**

ਵਾਤਾਵਰਣ ਦੀ ਸੰਭਾਲ ਅਤੇ ਸਮਾਜ ਸੇਵਾ ਲਈ ਲਗਾਤਾਰ ਸਰਗਰਮ ਸੰਸਥਾ ਅਲਾਇੰਸ ਕਲੱਬ ਸ੍ਰੀ ਅਨੰਦਪੁਰ ਸਾਹਿਬ ਅਤੇ ਆਸਰਾ ਫਾਊਂਡੇਸ਼ਨ (ਰਜਿ.) ਵਲੋਂ ਪੱਤਰਕਾਰ ਰਾਜੂ ਧੀਮਾਨ ਦੇ ਸਪੁੱਤਰ ਗੌਰਵ ਧੀਮਾਨ ਦਾ ਜਨਮਦਿਨ ਬੂਟੇ ਲਗਾ ਕੇ ਮਨਾਇਆ ਗਿਆ। ਇਸ ਮੌਕੇ ਜਨਮਦਿਨ ਦੀ ਖੁਸ਼ੀ ਨੂੰ ਕੁਦਰਤ ਨਾਲ ਜੋੜਦਿਆਂ ਬੂਟੇ ਲਗਾ ਕੇ ਸਮਾਜ ਨੂੰ ਵਾਤਾਵਰਣ ਦੀ ਸੰਭਾਲ ਦਾ ਪ੍ਰੇਰਣਾਦਾਇਕ ਸੰਦੇਸ਼ ਦਿੱਤਾ ਗਿਆ। ਇਸ ਮੌਕੇ ਅਲਾਇੰਸ ਕਲੱਬ ਇੰਟਰਨੈਸ਼ਨਲ ਦੇ ਸਾਬਕਾ ਗਵਰਨਰ ਡਾ. ਹਰਦਿਆਲ ਸਿੰਘ ਪੰਨੂ ਅਤੇ ਵਾਰਡ ਨੰਬਰ 13 ਤੋਂ ਕੌਂਸਲਰ ਅਰਸ਼ਵਰਿੰਦਰ ਕੌਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨੇ ਗੌਰਵ ਧੀਮਾਨ ਨੂੰ ਜਨਮਦਿਨ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਖੁਸ਼ੀ ਦੇ ਮੌਕਿਆਂ 'ਤੇ ਬੂਟੇ ਲਗਾਉਣਾ ਇੱਕ ਬਹੁਤ ਹੀ ਵਧੀਆ ਅਤੇ ਸਮਾਜ ਨੂੰ ਪ੍ਰੇਰਨਾ ਦੇਣ ਵਾਲੀ ਪਹਿਲ ਹੈ। ਅਲਾਇੰਸ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਦਵਿੰਦਰਪਾਲ ਸਿੰਘ ਨੇ ਕਿਹਾ ਕਿ ਵਾਤਾਵਰਣ ਦੀ ਸੰਭਾਲ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਵਧ ਰਹੇ ਪ੍ਰਦੂਸ਼ਣ ਅਤੇ ਵਾਤਾਵਰਣ ਵਿੱਚ ਆ ਰਹੇ ਬਦਲਾਅ ਨੂੰ ਦੇਖਦੇ ਹੋਏ ਸਾਨੂੰ ਵੱਧ ਤੋਂ ਵੱਧ ਬੂਟੇ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਸੰਭਾਲ ਵੀ ਯਕੀਨੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਲਾਇੰਸ ਕਲੱਬ ਵੱਲੋਂ ਸਮਾਜ ਸੇਵਾ ਦੇ ਨਾਲ-ਨਾਲ ਵਾਤਾਵਰਣ ਦੀ ਸੰਭਾਲ ਲਈ ਵੀ ਸਮੇਂ-ਸਮੇਂ 'ਤੇ ਵੱਖ-ਵੱਖ ਉਪਰਾਲੇ ਕੀਤੇ ਜਾਂਦੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਇਹ ਮੁਹਿੰਮ ਲਗਾਤਾਰ ਜਾਰੀ ਰਹੇਗੀ। ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਜਸਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸੰਸਥਾ ਵੱਲੋਂ 'ਘਰ-ਘਰ ਹਰਿਆਵਲ' ਮੁਹਿੰਮ ਤਹਿਤ ਵੱਧ ਤੋਂ ਵੱਧ ਬੂਟੇ ਲਗਾਉਣ ਅਤੇ ਲੋਕਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਹਰ ਵਿਅਕਤੀ ਆਪਣੇ ਜਨਮਦਿਨ, ਵਿਆਹ ਦੀ ਵਰ੍ਹੇਗੰਢ ਜਾਂ ਕਿਸੇ ਹੋਰ ਖੁਸ਼ੀ ਦੇ ਮੌਕੇ 'ਤੇ ਇੱਕ ਬੂਟਾ ਲਗਾ ਕੇ ਉਸ ਦੀ ਸੰਭਾਲ ਦੀ ਜ਼ਿੰਮੇਵਾਰੀ ਵੀ ਲਵੇ ਤਾਂ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਾਫ਼-ਸੁਥਰਾ ਅਤੇ ਹਰਿਆ-ਭਰਿਆ ਵਾਤਾਵਰਣ ਤਿਆਰ ਕਰ ਸਕਦੇ ਹਾਂ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਬੂਟੇ ਲਗਾਉਣ ਅਤੇ ਕੁਦਰਤ ਦੀ ਸੰਭਾਲ ਵਿੱਚ ਆਪਣਾ ਯੋਗਦਾਨ ਪਾਉਣ।





ਇਸ ਮੌਕੇ ਡਾ. ਹਰਦਿਆਲ ਸਿੰਘ ਪੰਨੂ ਨੇ ਕਿਹਾ ਕਿ ਅਜਿਹੇ ਉਪਰਾਲੇ ਸਮਾਜ ਵਿੱਚ ਚੰਗੀ ਸੋਚ ਨੂੰ ਉਤਸ਼ਾਹਿਤ ਕਰਦੇ ਹਨ। ਉਨ੍ਹਾਂ ਕਿਹਾ ਕਿ ਬੂਟਾ ਲਗਾਉਣਾ ਸਿਰਫ਼ ਇੱਕ ਦਿਨ ਦਾ ਕੰਮ ਨਹੀਂ, ਸਗੋਂ ਉਸ ਨੂੰ ਪਾਲਣਾ ਅਤੇ ਵੱਡਾ ਕਰਨਾ ਵੀ ਸਾਡੀ ਜ਼ਿੰਮੇਵਾਰੀ ਹੈ। ਉਨ੍ਹਾਂ ਗੌਰਵ ਧੀਮਾਨ ਦੇ ਪਰਿਵਾਰ ਨੂੰ ਇਸ ਵਿਲੱਖਣ ਢੰਗ ਨਾਲ ਜਨਮਦਿਨ ਮਨਾਉਣ ਲਈ ਵਧਾਈ ਦਿੱਤੀ। ਕੌਂਸਲਰ ਅਰਸ਼ਵਰਿੰਦਰ ਕੌਰ ਨੇ ਵੀ ਗੌਰਵ ਧੀਮਾਨ ਨੂੰ ਜਨਮਦਿਨ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਅਜਿਹੇ ਵਾਤਾਵਰਣ ਪੱਖੀ ਉਪਰਾਲਿਆਂ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿ ਸਾਂਝੇ ਯਤਨਾਂ ਨਾਲ ਹੀ ਸ੍ਰੀ ਅਨੰਦਪੁਰ ਸਾਹਿਬ ਨੂੰ ਹੋਰ ਵੀ ਸੁੰਦਰ, ਸਾਫ਼-ਸੁਥਰਾ ਅਤੇ ਹਰਿਆ-ਭਰਿਆ ਬਣਾਇਆ ਜਾ ਸਕਦਾ ਹੈ। ਇਸ ਮੌਕੇ ਅਲਾਇੰਸ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਦਵਿੰਦਰਪਾਲ ਸਿੰਘ, ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਜਸਦੀਪ ਸਿੰਘ ਧਾਰੀਵਾਲ ਤੋਂ ਇਲਾਵਾ ਅੰਕੁਸ਼ ਕੁਮਾਰ, ਗੁਰਪ੍ਰੀਤ ਸਿੰਘ ਗੋਲਡੀ, ਮਾਸਟਰ ਸੰਜੀਵ ਧਰਮਾਣੀ, ਧੀਰਜ ਘਈ, ਪੁਸ਼ਪਿੰਦਰ ਸਿੰਘ, ਦੁਰੋਹਿਨ ਘਈ, ਰਾਜ ਘਈ, ਪੱਤਰਕਾਰ ਰਾਜੂ ਧੀਮਾਨ ਆਦਿ ਹਾਜ਼ਰ ਸਨ।

## ਸਾਬਕਾ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ ਦਾ ਕੈਨੇਡਾ ਪੁੱਜਣ ਤੇ ਸਵਾਗਤ



**ਵੈਨਕੂਵਰ, ਜੁਲਾਈ (ਮਲਕੀਤ ਸਿੰਘ)–** ਭਾਰਤ ਦੇ ਸਾਬਕਾ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ ਦਾ ਕੈਨੇਡਾ ਦੇ ਸਰੀ ਸ਼ਹਿਰ 'ਚ ਪਹੁੰਚਣ ਤੇ ਉਹਨਾਂ ਦੇ ਸਨੇਹੀਆਂ, ਰਿਸ਼ਤੇਦਾਰਾਂ ਅਤੇ ਪਰਿਵਾਰਿਕ ਮੈਂਬਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਇਸ ਦੌਰਾਨ ਉਨਾਂ ਦੇ ਪਰਿਵਾਰ ਵੱਲੋਂ ਪਹਿਲਾਂ ਐਡਮਿੰਟਨ ਅਤੇ ਬਾਅਦ ਵਿੱਚ ਸਰੀ ਸਥਿਤ ਰਿਹਾਇਸ਼ ਤੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਉਪਰੰਤ ਬੂਕਸਾਈਡ ਗੁਰੂ ਘਰ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਕਰਵਾਈ ਗਈ ਇਸ ਮੌਕੇ ਤੇ ਸ.ਚਰਨਜੀਤ ਸਿੰਘ ਅਟਵਾਲ ਇਲਾਵਾ ਪੰਜਾਬੀ ਮੂਲ ਦੇ ਸਾਂਸਦ ਟਿਮ ਉੱਪਲ,ਸਾਂਸਦ ਸੁੱਖ ਧਾਲੀਵਾਲ, ਤ੍ਰਿਪਤ ਅਟਵਾਲ,ਜਸਜੀਤ ਸਿੰਘ ਅਟਵਾਲ, ਜਸ਼ਨਰੀਤ ਸਿੰਘ ਬੈਂਸ ,ਅਮਨਪ੍ਰੀਤ ਸਿੰਘ ਦਾਖਾ, ਪ੍ਰਧਾਨ ਬਲਬੀਰ ਸਿੰਘ ਚਾਨਾ ਅਤੇ ਮਠਾੜੂ ਪਰਿਵਾਰ ਦੇ ਮੈਂਬਰਾਂ ਸਮੇਤ ਹੋਰ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।



**ਸਰੀ ਪਹੁੰਚਣ ਤੇ ਚਰਨਜੀਤ ਸਿੰਘ ਅਟਵਾਲ ਦਾ ਸਵਾਗਤ ਕੀਤੇ ਜਾਣ ਦੀ ਤਸਵੀਰਾਂ।**

## ਪੀ.ਏ.ਯੂ ਦੇ ਸੇਵਾ ਮੁਕਤ ਮੁਲਾਜ਼ਮਾਂ ਦੇ ਪਰਿਵਾਰਾਂ ਨੇ ਪਿਕਨਿਕ ਮਨਾਈ



**ਵੈਨਕੂਵਰ, ਜੁਲਾਈ (ਮਲਕੀਤ ਸਿੰਘ)–** ਪੀ.ਏ.ਯੂ. (ਪੰਜਾਬ ਐਗਰੀਕਲਚਰ ਯੂਨੀਵਰਸਿਟੀ) ਨਾਲ ਸੰਬੰਧਿਤ ਸੇਵਾ ਮੁਕਤ ਮੁਲ-ਾਜ਼ਮਾ ਦੇ ਪਰਿਵਾਰਾਂ ਦੇ ਸਾਂਝੇ ਉਦਮ ਸਦਕਾ ਸਰੀ ਦੇ ਬੇਅਰ ਕਰੀਕ ਪਾਰਕ ਵਿੱਚ ਪਿਕਨਿਕ ਮਨਾਈ ਗਈ ਜਿਸ ਵਿੱਚ ਵੱਡੀ ਗਿਣਤੀ 'ਚ ਪਹੁੰਚੇ ਪਰਿਵਾਰਕ ਮੈਂਬਰਾਂ ਨੇ ਆਪਸੀ ਮੇਲ ਮਿਲਾਪ ਦੌਰਾਨ ਜਿੱਥੇ ਕਿ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ ਉਥੇ ਕੇਕ ਕੱਟਣ ਦੀ ਰਸਮ ਉਪਰੰਤ ਮੌਕੇ ਤੇ ਤਿਆਰ ਕੀਤੇ ਗਏ ਸਵਾਦਲੇ ਭੋਜਨ ਦਾ ਵੀ ਸਾਰਿਆਂ ਨੇ ਰਲ ਮਿਲ ਕੇ ਆਨੰਦ ਮਾਣਿਆ ਇਸ ਪਿਕਨਿਕ ਦੌਰਾਨ ਔਰਤਾਂ ਵਲੋਂ ਪੰਜਾਬੀ ਵਿਰਸੇ ਨਾਲ ਸੰਬੰਧਿਤ ਬੋਲੀਆਂ ਤੇ ਗੀਤਾਂ ਦੀ ਪੇਸ਼ਕਾਰੀ ਨਾਲ ਮਾਹੌਲ ਹੋਰ ਵੀ ਰੰਗੀਨ ਬਣਿਆ ਮਹਿਸੂਸ ਹੋਇਆ ਇਸ ਮੌਕੇ ਤੇ ਹੋਰਨਾ ਸਿਆਸੀ ਅਤੇ ਸਮਾਜਿਕ ਆਗੂਆਂ ਤੋਂ ਇਲਾਵਾ ਸਰੀ ਦੀ ਮੇਅਰ ਬਰੈਂਡਾ ਲੋਕ, ਸਰੀ ਫਸਟ ਤੋਂ ਮੇਅਰ ਦੀ ਉਮੀਦਵਾਰ ਐਨਿਸ ਲਿੰਡਾ, ਕੌਂਸਲਰ ਉਮੀਦਵਾਰ ਸ਼ੀਨਾ ਵਰਮਾਨੀ,ਸਰੀ ਇਮੈਜਨ ਤੋਂ ਮੇਅਰ ਉਮੀਦਵਾਰ ਮਾਈਕ ਸਟਾਰਚੁੱਕ, ਕੌਂਸਲਰ ਉਮੀਦਵਾਰ ਅੁਸਿਆਨਾ, ਕੌਂਸਲਰ ਉਮੀਦਵਾਰ ਪਰਮਿੰਦਰ ਚੌਹਾਨ, ਡਾ:ਮੁਕੰਦ ਸਿੰਘ ਬਰਾੜ ਡਾ: ਐਚ.ਕੇ ਤਿਵਾੜੀ, ਗੈਰੀ ਥਿੰਦ ਅਤੇ ਉਘੇ ਪੰਜਾਬੀ ਲੋਕ ਗਾਇਕ ਸੁਖਵਿੰਦਰ ਸੁਖੀ ਆਦਿ ਨੇ ਵਿਸ਼ੇਸ਼ ਤੌਰ ਤੇ ਹਾਜਰੀ ਭਰੀ ਇਸ ਮੌਕੇ ਤੇ ਸ਼ਾਮਿਲ ਹੋਈਆਂ ਔਰਤਾਂ ਦੀਆਂ ਦੋ ਟੀਮਾਂ ਬਣਾ ਕੇ ਰੱਸਾਕਸੀ ਦਾ ਦਿਲਚਸਪ ਮੁਕਾਬਲਾ ਵੀ ਕਰਵਾਇਆ ਗਿਆ ਅਖੀਰ 'ਚ ਗੁਲਜ਼ਾਰ ਸਿੰਘ ਬਾਲਿੰਗ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।





**ਪਿਕਨਿਕ ਦੀਆਂ ਵੱਖ ਵੱਖ ਤਸਵੀਰਾਂ**

# ਸਰੀ ਦੇ ਫਿਊਜ਼ਨ ਮੇਲੇ 'ਚ ਪੰਜਾਬੀ ਗਾਇਕ ਕੁਲਵਿੰਦਰ ਬਿੱਲਾ ਨੇ ਲਾਈਆਂ ਰੌਣਕਾਂ

## ਵੱਖ-ਵੱਖ ਭਾਈਚਾਰਿਆਂ ਨਾਲ ਸੰਬੰਧਿਤ ਲਗਭਗ 80 ਹਜਾਰ ਲੋਕਾਂ ਨੇ ਮੇਲੇ ਦਾ ਆਨੰਦ ਮਾਣਿਆ







**ਵੈਨਕੂਵਰ, ਜੁਲਾਈ (ਮਲਕੀਤ ਸਿੰਘ)–** ਕੈਨੇਡਾ 'ਚ ਵੱਸਦੇ ਸਥਾਨਕ ਵੱਖ-ਵੱਖ ਭਾਈਚਾਰਿਆਂ ਦੇ ਸਹਿਯੋਗ ਨਾਲ ਸਰੀ ਸਿਟੀ ਕੌਂਸਲ ਵੱਲੋਂ ਸਰੀ ਸਥਿਤ ਹਾਲੈਂਡ ਪਾਰਕ ਵਿੱਚ ਆਯੋਜਿਤ ਕਰਵਾਏ ਗਏ 19ਵੇਂ ਤਿੰਨ ਰੋਜਾ ਬ ਹ ੁ ਭ ਾਂ ਤ ੀ ਸੱਭਿਆਚਾਰਕ ਮੇਲੇ 'ਚ ਜਿੱਥੇ ਕਿ ਵੱਖ-ਵੱਖ ਭਾਈਚਾਰਿਆਂ ਨਾਲ ਸੰਬੰਧਿਤ ਲਗਾਈਆਂ ਗਈਆਂ ਸਟੇਜਾਂ ਤੋਂ ਵੱਖ ਵੱਖ ਕਲਾਕਾਰਾਂ ਨੇ ਆਪੋ ਆਪਣੇ ਵਿਰਸੇ ਨਾਲ ਸੰਬੰਧਿਤ ਵੰਨਗੀਆਂ ਪੇਸ਼ ਕੀਤੀਆਂ, ਉੱਥੇ ਪੰਜਾਬੀ ਭਾਈਚਾਰੇ ਲਈ ਲਗਾਈ ਗਈ ਵੱਡਕਾਰੀ ਸਟੇਜ ਤੋਂ ਉੱਘੇ ਪੰਜਾਬੀ ਗਾਇਕ ਕੁਲਵਿੰਦਰ ਬਿੱਲਾ ਵੱਲੋਂ ਆਪਣੇ ਚੋਣਵੇਂ ਗੀਤਾਂ ਦੀ ਪੇਸ਼ਕਾਰੀ ਕਰਕੇ ਹਜ਼ਾਰਾਂ ਦੀ ਗਿਣਤੀ 'ਚ ਉੱਥੇ ਮੌਜੂਦ ਸਰੋਤਿਆਂ ਦਾ ਦੇਰ ਰਾਤ ਤੱਕ ਮਨੋਰੰਜਨ ਕੀਤਾ ਗਿਆ ਇਸ ਤੋਂ ਪਹਿਲਾਂ ਅਰਸ਼ ਰਿਆਜ,ਕਰਨਵੀਰ ਕਲੇਰ ਅਤੇ ਪਰਵੇਜ਼ ਗਿੱਲ ਨੇ ਆਪਣੇ ਚਰਚਿਤ ਗੀਤਾਂ ਦੀ

ਛਹਿਬਰ ਲਗਾ ਕੇ ਹਾਜ਼ਰ ਸਰੋਤਿਆਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ ਮੇਲੇ ਦੇ ਪਹਿਲੇ ਦਿਨ ਗਾਇਕ ਜੋੜੀ ਲੱਖਾ ਤੇ ਨਾਜ ਵੱਲੋਂ ਵੀ ਆਪਣਾ ਰੰਗਾਂਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਇਸ ਤੋਂ ਇਲਾਵਾ ਇਸ ਮੇਲੇ ਵਿੱਚ ਦੂਸਰੇ ਭਾਈਚਾਰਿਆਂ ਨਾਲ ਸੰਬੰਧਿਤ ਕਲਾਕਾਰਾਂ ਦੇ ਗੀਤਾਂ ਦੀਆਂ ਸੰਗੀਤਕ ਧੁਨਾਂ ਤੇ ਵੀ ਵੱਖ ਵੱਖ ਦੇਸ਼ਾਂ ਨਾਲ ਸੰਬੰਧਿਤ ਬਹੁਗਿਣਤੀ ਸਰੋਤੇ ਦੇਰ ਰਾਤ ਤੱਕ ਝੂਮਦੇ ਅਤੇ ਨੱਚਦੇ ਟੱਪਦੇ ਨਜ਼ਰ ਆਏ

ਸਰੀ ਸਿਟੀ ਕੌਂਸਲ ਵੱਲੋਂ ਸਾਂਝੀ ਕੀਤੀ ਇੱਕ ਜਾਣਕਾਰੀ ਮੁਤਾਬਿਕ ਲਗਾਤਾਰ ਤਿੰਨ ਦਿਨ ਚੱਲੇ ਇਸ ਮੇਲੇ ਦੌਰਾਨ ਤਕਰੀਬਨ 80 ਹਜਾਰ ਤੋਂ ਵੱਧ ਲੋਕਾਂ ਨੇ ਸ਼ਿਰਕਤ ਕਰਕੇ ਵਨ -ਸਵੰਨੇ ਸਵਾਦਲੇ ਭੋਜਨ, ਸੰਗੀਤ ਅਤੇ ਸੱਭਿਆਚਾਰ ਦੇ ਵਿਲੱਖਣ ਜਸ਼ਨਾਂ ਦਾ ਆਨੰਦ ਮਾਣਿਆ।ਪੱਛਮੀ ਕੈਨੇਡਾ ਦੇ ਸਭ ਤੋਂ ਵੱਡੇ ਬਹੁ-ਸੱਭਿਆਚਾਰਕ ਮੇਲੇ ਵਜੋਂ ਜਾਣੇ ਜਾਂਦੇ ਸਰੀ ਇਸ ਫਿਊਜ਼ਨ ਮੇਲੇ 'ਚ ਲੋਕਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸਰੀ ਦੀ









**ਸਰੀ ਫਿਊਜ਼ਨ ਮੇਲੇ ਦੀਆਂ ਵੱਖ ਵੱਖ ਤਸਵੀਰਾਂ**

ਮੇਅਰ ਬਰੈਂਡਾ ਲੋਕ ਨੇ

ਕਿਹਾ ਨੇ ਸਰੀ ਫਿਊਜ਼ਨ ਮੇਲਾ ਵੱਖ ਵੱਖ ਭਾਈਚਾਰਿਆਂ ਦੇ ਸਾਂਝੇ ਤਜਰਬਿਆਂ ਦੇ ਆਦਾਨ-ਪ੍ਰਦਾਨ ਅਤੇ ਆਪਸੀ ਮਿਲਵਰਤਣ ਦਾ ਇੱਕ ਵਧੀਆ ਸਰੋਤ ਬਣ ਚੁੱਕਾ ਹੈ ਜੋ ਕਿ ਸਾਡੇ ਸਾਰਿਆਂ ਲਈ ਇੱਕ ਮਾਣ ਵਾਲੀ ਗੱਲ ਹੈ ਇਸ ਉੱਦਮ ਲਈ ਉਨਾਂ ਨੇ ਸਿਟੀ ਕੌਂਸਲ ਦੇ ਸਟਾਫ਼, ਵਲੰਟੀਅਰਾਂ, ਸੱਭਿਆਚਾਰਕ ਗਰੁੱਪਾਂ ਅਤੇ ਕਲਾਕਾਰਾਂ ਦਾ ਧੰਨਵਾਦ ਵੀ ਕੀਤਾ।




# ਕਾਲੇ ਰਿੱਛ ਦੇ ਹਮਲੇ 'ਚ ਇੱਕ ਵਿਅਕਤੀ ਜ਼ਖ਼ਮੀ

**ਵੈਨਕੂਵਰ, 20 ਜੁਲਾਈ (ਮਲਕੀਤ ਸਿੰਘ) –** ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਆਈਲੈਂਡ 'ਤੇ ਸਥਿਤ ਕੰਬਰਲੈਂਡ ਦੇ ਜੰਗਲੀ ਇਲਾਕੇ ਚ ਕਾਲੇ ਰਿੱਛ ਵੱਲੋਂ ਕੀਤੇ ਹਮਲੇ ਦੌਰਾਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਜਾਣਕਾਰੀ ਅਨੁਸਾਰ ਦੋ ਵਿਅਕਤੀ ਆਪਣੇ ਕੁੱਤੇ ਨਾਲ ਜੰਗਲੀ ਰਸਤੇ 'ਤੇ ਘੁੰਮ ਰਹੇ ਸਨ, ਜਦੋਂ ਉਨ੍ਹਾਂ ਦਾ ਸਾਹਮਣਾ ਕਾਲੇ ਰਿੱਛਾਂ ਦੇ ਇੱਕ ਝੁੰਡ ਨਾਲ ਹੋ ਗਿਆ। ਇਸ ਦੌਰਾਨ ਇੱਕ ਰਿੱਛ ਨੇ ਅਚਾਨਕ ਹਮਲਾ ਕਰ ਦਿੱਤਾ ਘਟਨਾ ਤੋਂ ਬਾਅਦ ਬੀ.ਸੀ. ਕਨਜ਼ਰਵੇਸ਼ਨ ਅਫ਼ਸਰ ਸਰਵਿਸ ਅਤੇ ਕੰਬਰਲੈਂਡ ਪ੍ਰਸ਼ਾਸਨ ਨੇ ਲੋਕਾਂ ਨੂੰ ਖੇਤਰ ਵਿੱਚ ਵਾਧੂ ਸਾਵਧਾਨੀ ਵਰਤਣ ਦੀ ਅਪੀਲ ਕਰਦਿਆਂ ਚੇਤਾਵਨੀ ਜਾਰੀ ਕੀਤੀ ਹੈ। ਅਧਿਕਾਰੀਆਂ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਜੰਗਲੀ ਇਲਾਕਿਆਂ ਵਿੱਚ ਜਾਂਦੇ ਸਮੇਂ ਕੁੱਤਿਆਂ ਨੂੰ ਪੱਟੇ ਨਾਲ ਰੱਖਣ, ਰਿੱਛਾਂ ਤੋਂ ਸੁਰੱਖਿਅਤ ਦੂਰੀ ਬਣਾਈ ਰੱਖਣ ਅਤੇ ਆਪਣੇ ਨਾਲ ਬੇਅਰ ਸਪਰੇ ਵਰਗੇ ਸੁਰੱਖਿਆ ਸਾਧਨ ਜ਼ਰੂਰ ਰੱਖਣ। ਘਟਨਾ ਦੀ ਜਾਂਚ ਜਾਰੀ ਹੈ।

# ਸਾਗਰਵਾਲੀ ਕਵਾਲੀ ਸ਼ੋਅ 9 ਅਗਸਤ ਨੂੰ-ਵੱਡੀ ਗਿਣਤੀ ਚ ਸਰੋਤਿਆਂ ਦੀ ਪੁੱਜਣ ਦੀ ਸੰਭਾਵਨਾ



ਪੱਤਰਕਾਰ ਸੰਮੇਲਨ ਦੌਰਾਨ ਜਾਣਕਾਰੀ ਦਿੰਦੇ ਹੋਏ ਕਵਾਲੀ ਸ਼ੋਅ ਦੇ ਆਯੋਜਕ।

**ਵੈਨਕੂਵਰ,ਜੁਲਾਈ (ਮਲਕੀਤ ਸਿੰਘ)-** ਮਸ਼ੋਨ ਇੰਟਰਟੇਨਮੈਂਟ ਵੱਲੋਂ ਸਥਾਨਕ ਭਾਰਤੀ ਭਾਈਚਾਰੇ ਦੇ ਸਾਂਝੇ ਉੱਦਮ ਸਦਕਾ 9 ਅਗਸਤ ਨੂੰ 'ਗਰੇਟ ਕੈਨੇਡੀਅਨ ਕੈਸੀਨੋ' ਕੁਕਟਲਿਮ ਵਿੱਚ ਕਵਾਲੀ ਸ਼ੋਅ ਅਯੋਜਿਤ ਕਰਵਾਇਆ ਜਾ ਰਿਹਾ ਹੈ ਅਤੇ ਇਸ ਵਿੱਚ ਸ਼ਾਮਿਲ ਹੋਣ ਲਈ ਸਰੋਤਿਆਂ 'ਚ ਭਾਰੀ ਉਤਸ਼ਾਹ ਵੇਖਿਆ ਜਾ ਰਿਹਾ ਹੈ

ਅੱਜ ਇੱਥੇ ਇੱਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਉਕਤ ਕਵਾਲੀ ਸ਼ੋਅ ਦੇ ਅਯੋਜਕਾਂ ਆਕਾਸ਼,ਪ੍ਰਣਵ, ਜਤਿੰਦਰ ਸੋਢੀ, ਮੁਕਲ ਅਤੇ ਭਾਨੂ ਨੇ ਸਾਂਝੇ ਤੌਰ ਤੇ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਕਵਾਲੀ ਸ਼ੋਅ ਵਿੱਚ ਬਾਲੀਵੁੱਡ ਦੇ ਮਸ਼ਹੂਰ ਗਾਇਕ ਸਾਗਰ ਭਟੀਆ ਨਵੀਂ ਦਿੱਲੀ ਤੋਂ ਉਚੇਚੇ ਤੌਰ ਤੇ ਕੈਨੇਡਾ ਪਹੁੰਚ ਰਹੇ ਹਨ ਅਤੇ ਇਸ ਕਵਾਲੀ ਸ਼ੋਅ ਦਾ ਆਨੰਦ ਮਾਨਣ ਲਈ ਵੱਡੀ ਗਿਣਤੀ 'ਚ ਸਰੋਤਿਆਂ ਦੇ ਪੁੱਜਣ ਦੀ ਸੰਭਾਵਨਾ ਹੈ ਜਿਸ ਦੇ ਮੱਦੇਨਜ਼ਰ ਸਰੋਤਿਆਂ ਦੀ ਸਹੂਲਤ ਲਈ ਪਾਰਕਿੰਗ, ਸੁਰੱਖਿਆ ਅਤੇ ਹੋਰ ਲੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਖੀਰ 'ਚ ਉਨਾ ਇਹ ਵੀ ਦੱਸਿਆ ਕਿ ਇਸ ਸਬੰਧ ਵਿੱਚ ਟਿਕਟਾਂ ਲੈਣ ਲਈ ਉਨਾਂ ਦੇ ਫੋਨ ਨੰਬਰ 778 345 5240 ਤੇ ਸੰਪਰਕ ਕੀਤਾ ਜਾ ਸਕਦਾ ਹੈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਅੰਮ੍ਰਿਤਪਾਲ ਢੋਟ,ਰਮਨ ਸ਼ਰਮਾ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਟਰੱਸਟ ਵੱਲੋਂ ਮਹਿਮਦਵਾਲ ਦੇ ਪਹਿਲੇ ਐਮ ਬੀ ਬੀ ਐਸ ਡਾ.ਸਾਹਿਲ ਪਰਮਾਰ ਸਨਮਾਨਿਤ



**ਮਾਹਿਲਪੁਰ (ਹਰਵੀਰ ਮਾਨ)** ਜ਼ਿਲ੍ਹਾ ਹੁਸ਼ਿਆਰਪੁਰ ਦੇ ਕੰਢੀ ਇਲਾਕੇ ਦੇ ਪਿੰਡ ਮਹਿਮਦਵਾਲ ਕਲਾਂ ਦੇ ਜੰਮਪਲ ਸਾਹਿਲ ਪਰਮਾਰ ਨੂੰ ਐਮਬੀਬੀਐਸ ਦੀ ਡਿਗਰੀ ਪ੍ਰਾਪਤ ਕਰਨ ਮੌਕੇ ਸੁਰ ਸੰਗਮ ਵਿੱਦਿਅਕ ਟਰੱਸਟ (ਰਜਿ.) ਮਾਹਿਲਪੁਰ ਵੱਲੋਂ ਸਨਮਾਨਿਤ ਕੀਤਾ ਗਿਆ। ਸਨਮਾਨ ਸਮਾਰੋਹ ਮੌਕੇ ਟਰੱਸਟ ਦੇ ਪ੍ਰਧਾਨ ਬਲਜਿੰਦਰ ਮਾਨ ਨੇ ਕਿਹਾ ਕਿ ਸਾਹਿਲ ਪਰਮਾਰ ਨੇ ਸਾਰੀਆਂ ਜਮਾਤਾਂ ਪਹਿਲੇ ਦਰਜੇ ਵਿੱਚ ਪਾਸ ਕਰਕੇ, ਪਿੰਡ ਦੇ ਪਹਿਲੇ ਐਮ ਬੀ ਬੀ ਐਸ ਡਾਕਟਰ ਬਣਕੇ ਪਿੰਡ ਅਤੇ ਕੰਢੀ ਇਲਾਕੇ ਦੀ ਸ਼ਾਨ ਨੂੰ ਉੱਚਾ ਕੀਤਾ ਹੈ। ਇਸ ਤੋਂ ਪਹਿਲਾਂ ਉਸ ਦੀ ਵੱਡੀ ਭੈਣ ਸੋਨੀਆ ਪਰਮਾਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੀਐਚਡੀ ਫਿਜਿਕਸ ਕਰਕੇ ਵਿਦੇਸ਼ਾਂ ਵਿੱਚ ਸੇਵਾ ਕਰ ਰਹੀ ਹੈ। ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸੇਵਾ ਮੁਕਤ ਸਿੱਖਿਆ ਅਧਿਕਾਰੀ ਬੱਗਾ ਸਿੰਘ ਆਰਟਿਸਟ, ਗੁਰਵਿੰਦਰ ਸਿੰਘ ਯੂ ਕੇ, ਕੁਲਵਿੰਦਰ ਸਿੰਘ ਆਸਟਰੇਲੀਆ, ਚੈਂਚਲ ਸਿੰਘ ਬੈਂਸ ਕਨੇਡਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਮਾਨਦਾਰੀ ਨਾਲ ਕੀਤੀ ਮਿਹਨਤ ਕਦੀ ਅੰਜਾਈਂ ਨਹੀਂ ਜਾਂਦੀ। ਸਾਹਿਲ ਪਰਮਾਰ ਮੈਡੀਕਲ ਦੇ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਹਨ ਜਿਸ ਨੇ ਇਲਾਕੇ ਦੇ ਮਾਣ ਵਿੱਚ ਵਾਧਾ ਕੀਤਾ ਹੈ। ਉਚੇਚੇ ਤੌਰ ਤੇ ਹਾਜ਼ਰ ਹੋਏ ਉਹਨਾਂ ਦੇ ਪਿਤਾ ਰਿਟਾਇਰਡ ਬੈਂਕ ਮੈਨੇਜਰ ਦੇਵ ਰਾਜ ਪਰਮਾਰ ,ਮਾਤਾ ਕੁਲਦੀਪ ਕੌਰ ਅਤੇ ਰਾਮ ਤੀਰਥ ਪਰਮਾਰ ਨੇ ਦੱਸਿਆ ਕਿ ਉਸਨੇ ਕਦੇ ਵੀ ਟੀ ਵੀ ਅਤੇ ਫੋਨ ਤੇ ਆਪਣਾ ਸਮਾਂ ਬਰਬਾਦ ਨਹੀਂ ਕੀਤਾ। ਉਸ ਨੇ ਦਿਨ ਰਾਤ ਮਿਹਨਤ ਕਰਕੇ ਇਸ ਮੰਜ਼ਿਲ ਨੂੰ ਪ੍ਰਾਪਤ ਕੀਤਾ ਹੈ। ਸਾਹਿਲ ਪਰਮਾਰ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਹੜੇ ਵਿਦਿਆਰਥੀ ਨੇਕ ਨੀਤੀ ਨਾਲ ਮਿਹਨਤ ਕਰਦੇ ਹਨ ਉਹ ਉੱਚੀਆਂ ਤੇ ਸੁੱਚੀਆਂ ਮੰਜ਼ਿਲਾਂ ਜ਼ਰੂਰ ਪ੍ਰਾਪਤ ਕਰਦੇ ਹਨ। ਇਸ ਲਈ ਸਭ ਨੂੰ ਮਿਹਨਤ ਦਾ ਲੜ ਫੜਨਾ ਚਾਹੀਦਾ ਹੈ। ਬੁੱਧੀਜੀਵੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਕ੍ਰਿਸ਼ਨਜੀਤ ਰਾਓ ਕੈਂਡੋਵਾਲ ਸਨਮਾਨ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਉਨ੍ਹਾਂ ਪਰਮਾਰ ਅਤੇ ਪਰਿਵਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਰਕਾਰ ਵੱਲੋਂ ਹੋਣਹਾਰ ਵਿਦਿਆਰਥੀਆਂ ਦੀ ਉੱਚ ਨੌਕਰੀਆਂ ਵਾਸਤੇ ਫਰੀ ਕੋਚਿੰਗ ਕਰਵਾਈ ਜਾ ਰਹੀ ਹੈ ਜਿਸ ਦਾ ਸਭ ਨੂੰ ਲਾਭ ਲੈਣਾ ਚਾਹੀਦਾ ਹੈ।

ਇਸ ਮੌਕੇ ਸਰਪੰਚ ਗੁਰਜੀਤ ਸਿੰਘ, ਗੁਰਵਿੰਦਰ ਸਿੰਘ, ਸਾਬਕਾ ਸਰਪੰਚ ਅਮਰਜੀਤ ਸਿੰਘ ਭਾਈ, ਕਸ਼ਮੀਰ ਸਿੰਘ ਖਹਿਰਾ, ਨਿਰੰਜਨ ਸਿੰਘ, ਗੁਰਦੀਪ ਚੰਦ, ਕੁਲਦੀਪ ਸਿੰਘ ਧਾਲੀਵਾਲ, ਮਨਜੀਤ ਕੌਰ ਹਰਮਨਪ੍ਰੀਤ ਕੌਰ, ਹਰਵੀਰ ਮਾਨ, ਪਵਨ ਸਕਰੂਲੀ, ਮਨਜਿੰਦਰ ਹੀਰ ਸਮੇਤ ਪਤਵੰਤੇ ਸ਼ਾਮਿਲ ਹੋਏ।

# ਮਾਂ-ਪੁੱਤ ਨੇ ਲਾਟਰੀ 'ਚ ਜਿੱਤੀ ਇੱਕ ਲੱਖ ਡਾਲਰ ਦੀ ਰਾਸ਼ੀ!

**ਵੈਨਕੂਵਰ, ਜੁਲਾਈ (ਮਲਕੀਤ ਸਿੰਘ) –** ਬ੍ਰਿਟਿਸ਼ ਕੋਲੰਬੀਆ ਦੇ ਰਿਚਮੰਡ ਦੀ ਇੱਕ ਮਾਂ ਅਤੇ ਵੈਨਕੂਵਰ ਵਿੱਚ ਰਹਿੰਦੇ ਉਸ ਦੇ ਪੁੱਤਰ ਨੇ ਸਕ੍ਰੈਚ ਐਂਡ ਵਿਨ ਲਾਟਰੀ ਟਿਕਟ ਰਾਹੀਂ ਇੱਕ ਲੱਖ ਕੈਨੇਡੀਅਨ ਡਾਲਰ ਦੀ ਇਨਾਮੀ ਰਕਮ ਜਿੱਤੀ ਹੈ। ਮਾਂ ਨੇ ਦੱਸਿਆ ਕਿ ਜਿਵੇਂ ਹੀ ਉਸ ਨੂੰ ਜਿੱਤੀ ਹੋਈ ਏਡੀ ਵੱਡੀ ਰਕਮ ਬਾਰੇ ਪਤਾ ਲੱਗਾ ਤਾਂ ਸਭ ਤੋਂ ਪਹਿਲਾਂ ਇਹ ਖੁਸ਼ੀ ਆਪਣੇ ਪੁੱਤ ਨਾਲ ਸਾਂਝੀ ਕੀਤੀ ਇਸ ਭਾਵੁਕ ਪਲ ਨੇ ਪਰਿਵਾਰ ਦੀ ਖੁਸ਼ੀ ਨੂੰ ਹੋਰ ਵਧਾ ਦਿੱਤਾ। ਮਾਂ ਨੇ



ਕਿਹਾ ਕਿ ਉਹ ਇਨਾਮ ਦੀ ਰਕਮ ਆਪਣੇ ਪੁੱਤਰ ਨਾਲ ਸਾਂਝੀ ਕਰੇਗੀ। ਪਰਿਵਾਰ ਨੇ ਇਸ ਅਚਾਨਕ ਮਿਲੀ ਖੁਸ਼ਖ਼ਬਰੀ ਨੂੰ ਆਪਣੀ ਜ਼ਿੰਦਗੀ ਦਾ ਯਾਦਗਾਰ ਪਲ ਕਰਾਰ ਦਿੱਤਾ ਹੈ।

# ਆਪਣੀ ਭੁੱਖ ਨੂੰ ਇੰਨਾ ਕਾਬੂ ਵਿੱਚ ਰੱਖੋ ਕਿ ਦੂਜਿਆਂ ਦੀਆਂ ਖੁਸ਼ੀਆਂ ਖਾਣ ਦੀ ਨੌਬਤ ਨਾ ਆਵੇ

ਅੱਜ ਦੇ ਸਮੇਂ ਵਿੱਚ ਮਨੁੱਖ ਦੀਆਂ ਇੱਛਾਵਾਂ ਅਤੇ ਲਾਲਸਾਵਾਂ ਲਗਾਤਾਰ ਵੱਧ ਰਹੀਆਂ ਹਨ। ਹਰ ਵਿਅਕਤੀ ਆਪਣੀਆਂ ਖ਼ਾਹਿਸ਼ਾਂ ਪੂਰੀਆਂ ਕਰਨ ਦੀ ਦੌੜ ਵਿੱਚ ਸ਼ਾਮਲ ਹੈ। ਤਰੱਕੀ ਕਰਨਾ ਅਤੇ ਸੁਪਨੇ ਸਾਕਾਰ ਕਰਨਾ ਹਰ ਕਿਸੇ ਦਾ ਹੱਕ ਹੈ, ਪਰ ਇਹ ਦੌੜ ਉਸ ਵੇਲੇ ਖ਼ਤਰਨਾਕ ਬਣ ਜਾਂਦੀ ਹੈ ਜਦੋਂ ਸਾਡੀਆਂ ਇੱਛਾਵਾਂ ਕਿਸੇ ਹੋਰ ਦੇ ਹੱਕ, ਸਨਮਾਨ ਜਾਂ ਖੁਸ਼ੀਆਂ ਉੱਤੇ ਅਸਰ ਪਾਉਣ ਲੱਗ ਪੈਂਦੀਆਂ ਹਨ। ਇਸ ਲਈ ਸਭ ਤੋਂ ਵੱਡੀ ਲੋੜ ਆਪਣੇ ਮਨ ਦੀਆਂ ਬੇਲੋੜੀਆਂ ਇੱਛਾਵਾਂ ਅਤੇ ਲਾਲਸਾਵਾਂ ਨੂੰ ਕਾਬੂ ਵਿੱਚ ਰੱਖਣ ਦੀ ਹੈ। ਇਨਸਾਨ ਦੀ ਅਸਲ ਪਛਾਣ ਉਸ ਦੀ ਇਨਸਾਨੀਅਤ ਹੈ। ਲੋੜ ਤੋਂ ਵੱਧ ਧਨ, ਇੱਜ਼ਤ ਜਾਂ ਸਫਲਤਾ ਦੀ ਭੁੱਖ ਹੌਲੀ-ਹੌਲੀ ਮਨੁੱਖ ਦੇ ਚਰਿੱਤਰ ਨੂੰ ਕਮਜ਼ੋਰ ਕਰ ਦਿੰਦੀ ਹੈ। ਜਦੋਂ ਲਾਲਚ ਹਾਵੀ ਹੋ ਜਾਂਦਾ ਹੈ, ਤਾਂ ਮਨੁੱਖ ਆਪਣੀ ਤਰੱਕੀ ਲਈ ਦੂਜਿਆਂ ਦੇ ਹੱਕਾਂ ਨੂੰ ਅਣਡਿੱਠਾ ਕਰਨਾ ਸ਼ੁਰੂ ਕਰ ਦਿੰਦਾ ਹੈ। ਅਜਿਹੀ ਸਫ਼ਲਤਾ ਭਾਵੇਂ ਕੁੱਝ ਸਮੇਂ ਲਈ ਖ਼ੁਸ਼ੀ ਦੇਵੇ, ਪਰ ਉਹ ਕਦੇ ਵੀ ਮਨ ਦੀ ਸ਼ਾਂਤੀ ਨਹੀਂ ਦੇ ਸਕਦੀ। ਇਹ ਗੱਲ ਸਾਨੂੰ ਰੋਜ਼ਾਨਾ ਜੀਵਨ ਵਿੱਚ ਸਾਫ਼ ਨਜ਼ਰ ਆਉਂਦੀ ਹੈ। ਕਈ ਵਾਰ ਦਫ਼ਤਰ ਵਿੱਚ ਕੋਈ ਕਰਮਚਾਰੀ ਤਰੱਕੀ ਦੀ ਲਾਲਸਾ ਵਿੱਚ ਆਪਣੇ ਸਾਥੀ ਦੀ ਮਿਹਨਤ ਦਾ ਸਿਹਰਾ ਆਪਣੇ ਸਿਰ ਬੰਨ੍ਹ ਲੈਂਦਾ ਹੈ। ਇਸ ਨਾਲ ਇੱਕ ਵਿਅਕਤੀ ਨੂੰ ਲਾਭ ਤਾਂ ਮਿਲ ਜਾਂਦਾ ਹੈ, ਪਰ ਦੂਜੇ ਦੀ ਮਿਹਨਤ ਅਤੇ ਹੱਕ ਮਾਰਿਆ ਜਾਂਦਾ ਹੈ।

ਇਸੇ ਤਰ੍ਹਾਂ, ਕਾਰੋਬਾਰ ਵਿੱਚ ਕੁੱਝ ਲੋਕ ਵੱਧ ਨਫ਼ਾ ਕਮਾਉਣ ਦੇ ਲਾਲਚ ਵਿੱਚ ਘਟੀਆ ਜਾਂ ਮਿਲਾਵਟੀ ਸਮਾਨ ਵੇਚਦੇ ਹਨ। ਇਸ ਦਾ ਨੁਕਸਾਨ ਸਿਰਫ਼ ਗਾਹਕ ਨੂੰ ਹੀ ਨਹੀਂ, ਸਗੋਂ ਸਮਾਜ ਦੇ ਭਰੋਸੇ ਨੂੰ ਵੀ ਹੁੰਦਾ ਹੈ। ਸਮਾਜਿਕ ਜੀਵਨ ਵਿੱਚ ਵੀ ਅਜਿਹੀਆਂ ਘਟਨਾਵਾਂ ਅਕਸਰ ਵੇਖਣ ਨੂੰ ਮਿਲਦੀਆਂ ਹਨ। ਕਈ ਵਾਰ ਅਸੀਂ ਆਪਣੇ ਛੋਟੇ ਜਿਹੇ ਫਾਇਦੇ ਲਈ ਲਾਈਨ ਤੋੜ ਕੇ ਅੱਗੇ ਲੰਘ ਜਾਂਦੇ ਹਾਂ ਜਾਂ ਆਪਣੇ ਹੱਕ ਤੋਂ ਵੱਧ ਲੈਣ ਦੀ ਕੋਸ਼ਿਸ਼ ਕਰਦੇ ਹਾਂ। ਸ਼ਾਇਦ ਇਹ ਗੱਲਾਂ ਸਾਨੂੰ ਛੋਟੀਆਂ ਲੱਗਣ, ਪਰ ਇਨ੍ਹਾਂ ਨਾਲ ਕਿਸੇ ਹੋਰ ਨੂੰ ਹੋਣ ਵਾਲੀ ਤਕਲੀਫ਼ ਸਾਡੀ ਸੋਚ ਦੀ ਕਮੀ ਨੂੰ ਦਰਸਾਉਂਦੀ ਹੈ।

ਸੁੱਖੀ ਅਤੇ ਸ਼ਾਂਤਮਈ ਸਮਾਜ ਦੀ ਨੀਂਹ ਆਪਸੀ ਸਤਿਕਾਰ, ਸੰਤੁਲਨ ਅਤੇ ਸਹਿਨਸ਼ੀਲਤਾ ਉੱਤੇ ਟਿਕੀ ਹੁੰਦੀ ਹੈ। ਜਦੋਂ ਅਸੀਂ ਆਪਣੇ ਹਿੱਸੇ ਨਾਲ ਸੰਤੁਸ਼ਟ ਰਹਿਣਾ ਸਿੱਖ ਲੈਂਦੇ ਹਾਂ, ਤਾਂ ਨਾ ਸਿਰਫ਼ ਸਾਡਾ ਮਨ ਸ਼ਾਂਤ ਰਹਿੰਦਾ ਹੈ, ਸਗੋਂ ਅਸੀਂ ਦੂਜਿਆਂ ਦੀਆਂ ਖੁਸ਼ੀਆਂ ਦਾ ਕਾਰਨ ਵੀ ਬਣਦੇ ਹਾਂ। ਅਸਲ ਖੁਸ਼ੀ ਦੂਜਿਆਂ ਤੋਂ ਖੋਹਣ ਵਿੱਚ ਨਹੀਂ, ਸਗੋਂ ਉਨ੍ਹਾਂ ਦੀ ਖੁਸ਼ੀ ਵਿੱਚ ਸਾਂਝ ਪਾਉਣ ਵਿੱਚ ਹੈ।

ਅੱਜ ਦੀ ਨੌਜਵਾਨ ਪੀੜ੍ਹੀ ਲਈ ਇਹ ਸਬਕ ਬਹੁਤ ਮਹੱਤਵਪੂਰਨ ਹੈ ਕਿ ਸਫ਼ਲਤਾ ਦੇ ਰਸਤੇ ਉੱਤੇ ਤੁਰਦੇ ਹੋਏ ਮਨੁੱਖਤਾ ਨੂੰ ਕਦੇ ਨਾ ਭੁੱਲਿਆ ਜਾਵੇ। ਸੱਚੀ ਕਾਮਯਾਬੀ ਉਹੀ ਹੈ ਜੋ ਮਿਹਨਤ, ਇਮਾਨਦਾਰੀ ਅਤੇ ਨੈਤਿਕ ਕਦਰਾਂ ਦੇ ਆਧਾਰ ਤੇ ਮਿਲੇ। ਜੇ ਅਸੀਂ ਆਪਣੇ ਮਨ ਨੂੰ ਕਾਬੂ ਵਿੱਚ ਰੱਖੀਏ ਅਤੇ ਸਹੀ-ਗਲਤ ਦੀ ਪਛਾਣ ਰੱਖੀਏ, ਤਾਂ ਸਮਾਜ ਵਿੱਚ ਪਿਆਰ, ਇੱਜ਼ਤ ਅਤੇ ਭਰੋਸਾ ਆਪਣੇ ਆਪ ਵਧੇਗਾ।

ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਮਨੁੱਖ ਦੀ ਅਸਲ ਮਹਾਨਤਾ ਉਸ ਦੀਆਂ ਪ੍ਰਾਪਤੀਆਂ ਨਾਲ ਨਹੀਂ, ਸਗੋਂ ਉਸ ਦੀ ਸੰਵੇਦਨਸ਼ੀਲਤਾ, ਸੋਚ ਅਤੇ ਇਨਸਾਨੀਅਤ ਨਾਲ ਮਾਪੀ ਜਾਂਦੀ ਹੈ। ਆਪਣੀ ਭੁੱਖ ਨੂੰ ਇੰਨਾ ਕਾਬੂ ਵਿੱਚ ਰੱਖੋ ਕਿ ਤੁਹਾਡੀ ਤਰੱਕੀ ਕਿਸੇ ਹੋਰ ਦੀਆਂ ਖੁਸ਼ੀਆਂ ਖਾਣ ਦੀ ਵਜ੍ਹਾ ਨਾ ਬਣੇ। ਜੇ ਹਰ ਵਿਅਕਤੀ ਇਸ ਸੋਚ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਲਵੇ, ਤਾਂ ਸਮਾਜ ਵਿੱਚ ਖੁਸ਼ਹਾਲੀ, ਸ਼ਾਂਤੀ ਅਤੇ ਆਪਸੀ ਭਰੋਸਾ ਆਪਣੇ ਆਪ ਵਧੇਗਾ।



**ਪਵਨ ਕੁਮਾਰ ਅੱਤਰੀ**
**(ਕਪੂਰਥਲਾ)**
**ਮੋਬਾ: 8427791277**

# ਸਾਦਗੀ ਨੂੰ ਬਣਾਈਏ ਜੀਵਨ ਦਾ ਅਹਿਮ ਹਿੱਸਾ

ਇਨਸਾਨੀ ਜੀਵਨ ਅਨੇਕ ਗੁਣਾਂ , ਨੈਤਿਕ ਕਦਰਾਂ ਕੀਮਤਾਂ ਤੇ ਵਧੀਆ ਸੰਸਕਾਰਾਂ ਦਾ ਸੁਮੇਲ ਹੈ। ਹਰ ਇਨਸਾਨ ਆਪਣੇ ਜੀਵਨ ਨੂੰ ਸੁਖੀ, ਸਫ਼ਲ ਬਣਾਉਣ ਦੀ ਕੋਸ਼ਿਸ਼ ਵਿੱਚ ਲੱਗਾ ਹੋਇਆ ਹੈ। ਪੈਸਾ ,ਦੌਲਤ, ਰੁਤਬਾ ਪ੍ਰਾਪਤ ਕਰਨ ਲਈ ਦਿਨ ਰਾਤ ਮਿਹਨਤ ਕਰ ਰਿਹਾ ਹੈ। ਅੱਜ ਪਦਾਰਥਵਾਦ ਤੇ ਮੁਕਾਬਲੇਬਾਜ਼ੀ ਦੀ ਦੌੜ ਲੱਗੀ ਹੋਈ ਹੈ। ਪੈਸੇ ਪਿੱਛੇ ਇਨਸਾਨ ਕੁਝ ਵੀ ਕਰਨ ਨੂੰ ਤਿਆਰ ਹੋ ਗਿਆ ਹੈ। ਨਾਜਾਇਜ਼ ਢੰਗ ਨਾਲ ਪੈਸਾ ਕਮਾਉਣ ਦੀ ਅੱਜ ਇਨਸਾਨ ਦੀ ਫ਼ਿਤਰਤ ਬਣ ਗਈ ਹੈ। ਜਿਸ ਕਾਰਨ ਅੱਜ ਇਨਸਾਨ ਦੇ ਜੀਵਨ ਵਿੱਚ ਅਸ਼ਾਂਤੀ ਆ ਗਈ ਹੈ। ਸੁੱਖ ,ਚੈਨ ਤੇ ਸਕੂਨ ਇਨਸਾਨ ਦੀ ਜ਼ਿੰਦਗੀ ਵਿੱਚੋਂ ਦੂਰ ਹੁੰਦੇ ਜਾ ਰਹੇ ਹਨ। ਸਾਦਗੀ ਦਾ ਪੱਲਾ ਇਨਸਾਨ ਨੇ ਛੱਡ ਦਿੱਤਾ ਹੈ। ਸਾਦਗੀ ਇਨਸਾਨ ਦੀ ਸ਼ਖਸੀਅਤ ਵਿੱਚ ਨਿਖਾਰ ਲਿਆਉਂਦੀ ਹੈ ਤੇ ਉਸਦੀ ਸ਼ਖਸ਼ੀਅਤ ਨੂੰ ਸਮਾਜ ਵਿੱਚ ਪ੍ਰਭਾਵਸ਼ਾਲੀ ਬਣਾਉਂਦੀ ਹੈ। ਅਸਲੀ ਜ਼ਿੰਦਗੀ ਦਾ ਸਭ ਤੋਂ ਵਡਮੁੱਲਾ ਤੇ ਕੀਮਤੀ ਗਹਿਣਾ ਸਾਦਗੀ ਹੈ। ਅੱਜ ਇਨਸਾਨ ਦੇ ਅੰਦਰੋਂ ਚੰਗੇ ਵਿਚਾਰ, ਵੱਡਿਆਂ ਦਾ ਸਤਿਕਾਰ, ਨੈਤਿਕ ਕਦਰਾਂ ਕੀਮਤਾਂ ਖ਼ਤਮ ਹੁੰਦੀ ਜਾ ਰਹੀ ਹੈ। ਇਨਸਾਨ ਦੇ ਅੰਦਰ ਧੋਖਾ, ਹੰਕਾਰ , ਦਿਖਾਵਾ ਆ ਚੁੱਕਿਆ ਹੈ। ਬੋਲਬਾਣੀ ਵਿੱਚ ਤਲਖ਼ੀ ਆ ਚੁੱਕੀ ਹੈ। ਹਰ ਚੀਜ਼ ਦਾ ਇਨਸਾਨ ਨੂੰ ਘੁਮੰਡ ਹੋ ਚੁੱਕਿਆ ਹੈ ਚਾਹੇ ਉਹ ਦੁਨੀਆਵੀਂ ਚੀਜ਼ਾਂ(ਪੈਸਾ, ਸ਼ੋਹਰਤ ,ਮਹਿਲ- ਮਾੜੀਆਂ)

ਸਾਦਗੀ ਵਿੱਚ ਰਹਿਣ ਵਾਲਾ ਇਨਸਾਨ ਕਦੇ ਵੀ ਆਪਣੇ ਆਪ ਨੂੰ ਵੱਡਾ ਸਾਬਤ ਕਰਨ ਦੀ ਕੋਸ਼ਿਸ਼ ਨਹੀਂ ਕਰਦਾ। ਜੇ ਉਸ ਕੋਲ ਕੋਈ ਰੁਤਬਾ ( ਪਾਵਰ) ਹੁੰਦੀ ਹੈ ਤਾਂ ਉਸਦੇ ਜੀਵਨ ਵਿੱਚੋਂ ਨਿਮਰਤਾ ,ਸਹਿਜਤਾ, ਪ੍ਰੀਤ ਪਿਆਰ ਸਹਿਜੇ ਹੀ ਝਲਕਦਾ ਹੈ। ਅਜਿਹੀ ਸ਼ਖ਼ਸੀਅਤ ਦੇ ਅੰਦਰ ਸਹਿਣਸ਼ੀਲਤਾ ਬਹੁਤ ਹੁੰਦੀ ਹੈ। ਆਪਣੇ ਚੰਗੇ ਕਰਮਾਂ ਰਾਹੀਂ ਉਹ ਦੂਜਿਆਂ ਦੇ ਦਿਲਾਂ ਵਿੱਚ ਥਾਂ ਬਣਾ ਲੈਂਦਾ ਹੈ। ਲੋੜਵੰਦਾਂ ਦੀ ਮਦਦ ਕਰਦਾ ਹੈ। ਚਾਹੇ ਅਜਿਹੇ ਇਨਸਾਨ ਤੇ ਕਦੇ ਮਾੜਾ ਸਮਾਂ ਵੀ ਆ ਜਾਵੇ, ਹਰ ਹਾਲਾਤਾਂ ਵਿੱਚ ਜੀਵਨ ਜਿਊਣ ਦੀ ਲਿਆਕਤ ਹੁੰਦੀ ਹੈ। ਡਾਵਾਂਡੋਲ ਬਿਲਕੁਲ ਵੀ ਨਹੀਂ ਹੁੰਦਾ। ਜੇ ਅਸੀਂ ਆਪਣੇ ਬਜ਼ੁਰਗਾਂ ਵੱਲ ਦੇਖੀਏ ਤਾਂ ਉਹ ਕਿੰਨੇ ਸਾਦਗੀ 'ਚ ਜੀਵਨ ਬਸਰ ਕਰਦੇ ਸਨ। ਆਪਸੀ ਪ੍ਰੀਤ ਪਿਆਰ ਬਹੁਤ ਹੁੰਦਾ ਸੀ। ਹੋਰ ਵੀ ਸਾਡੇ ਸਾਹਮਣੇ ਅਜਿਹੀ ਕਈ ਮਿਸਾਲਾਂ ਹਨ ਜਿਨ੍ਹਾਂ ਨੇ ਜ਼ਿੰਦਗੀ ਵਿੱਚ ਸਾਦਗੀ ਨੂੰ ਅਪਣਾ ਕੇ ਬਣਦਾ ਮਾਣ ਖੱਟਿਆ। ਅਸੀਂ ਸਾਰੇ ਹੀ ਡਾ ਏਪੀਜੇ ਅਬਦੁਲ ਕਲਾਮ (ਸਾਬਕਾ ਰਾਸ਼ਟਰਪਤੀ) ਨੂੰ ਚੰਗੀ ਤਰ੍ਹਾਂ ਜਾਣਦੇ ਹਾਂ, ਜਿਨ੍ਹਾਂ ਨੂੰ ਮਿਜ਼ਾਇਲ ਮੈਨ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ। ਕਿੰਨੀ ਸਾਦਗੀ ਵਿੱਚ ਉਹ ਰਹਿੰਦੇ ਸਨ। ਜਦੋਂ ਉਨਾਂ ਦੀ ਰਾਸ਼ਟਰਪਤੀ ਭਵਨ ਤੋਂ ਰਿਟਾਇਰਮੈਂਟ ਹੋਈ ਤਾਂ ਸਿਰਫ ਉਹਨਾਂ ਕੋਲ ਦੋ ਸੂਟ ਕੇਸ ਸਨ। ਕੋਈ ਉਹਨਾਂ ਕੋਲ ਮਹਿੰਗਾ ਤੋਹਫ਼ਾ ਜਾਂ ਕੋਈ ਵੱਡੀ ਗੱਡੀ ਨਹੀਂ ਸੀ। ਪੱਛਮੀ ਬੰਗਾਲ ਦੀ ਸਾਬਕਾ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਜੀਵਨ ਅਸੀਂ ਦੇਖਿਆ। ਸਿਰਫ ਦੋ ਕਮਰਿਆਂ ਵਿੱਚ ਰਹਿ ਕੇ 15 ਸਾਲ ਸੂਬੇ ਦੀ ਵਾਂਗਡੋਰ ਸੰਭਾਲੀ। ਸਾਦਕੀ ਭਰਿਆ ਜੀਵਨ ਹੰਡਾਇਆ। ਲਿਬਰਟੀ ,ਲਖਾਨੀ ਦੀਆਂ ਚੱਪਲਾਂ ਅਕਸਰ ਉਹ ਪਾਉਂਦੇ ਹਨ। ਸਾਡੇ ਗੁਰੂਆਂ ਪੀਰਾਂ, ਪੈਗੰਬਰਾਂ ਨੇ ਸਾਨੂੰ ਸਾਦਾ ਜੀਵਨ ਜਿਊਣ ਲਈ ਪ੍ਰੇਰਿਆ। ਨਾਮ ਜਪੋ ਤੇ ਵੰਡ ਛਕੋ ਦਾ ਫ਼ਲਸਫ਼ਾ ਦਿੱਤਾ। ਅੱਜ ਏਆਈ ਦਾ ਜਮਾਨਾ ਹੈ। ਹਰ ਖੇਤਰ ਵਿੱਚ ਬੇਮਿਸਾਲ ਤਰੱਕੀ ਹੋਈ ਹੈ। ਅੱਜ ਦਿਖਾਵੇ ਦੀ ਹੋੜ ਤੇਜ਼ੀ ਨਾਲ ਵੱਧ ਗਈ ਹੈ। ਮਹਿੰਗੇ ਫੋਨ, ਬਰਾਂਡਿਡ ਕੰਪਨੀ ਦੇ ਕੱਪੜੇ ,ਅਲੀਸ਼ਾਨ ਮਹਿਲ, ਲਗਜ਼ਰੀ ਗੱਡੀਆਂ ਵਾਲੇ ਨੂੰ ਸਮਾਜ ਵਿੱਚ ਚੰਗਾ ਮਾਣ ਸਮਾਨ ਮਿਲ ਰਿਹਾ ਹੈ। ਚਾਹੇ ਉਹ ਬੈਂਕਾਂ ਤੋਂ ਕਰਜ਼ਾ ਹੀ ਚੁੱਕ ਕੇ ਆਪਣੀ ਜ਼ਿੰਦਗੀ ਨੂੰ ਲਗਜ਼ਰੀ ਕਿਉਂ ਨਾ ਬਣਾਇਆ ਰਿਹਾ ਹੋਵੇ? ਜਿਸ ਕਾਰਨ ਉਹ ਤਣਾਅ ਨਾਲ ਘਿਰ ਚੁੱਕਿਆ ਹੈ। ਹਰ ਪਲ ਉਸ ਨੂੰ ਬੇਚੈਨੀ ਲੱਗੀ ਹੋਈ ਹੈ। ਹੰਕਾਰ ਵਿੱਚ ਆ ਕੇ ਉਹ ਆਪਣਿਆਂ ਨਾਲ ਰਿਸ਼ਤੇ ਹੀ ਖਤਮ ਕਰ ਰਿਹਾ ਹੈ। ਖ਼ੂਨ ਦੇ ਰਿਸ਼ਤਿਆਂ ਵਿੱਚ ਖਟਾਸ ਪੈਦਾ ਹੋ ਚੁੱਕੀ ਹੈ। ਅਜਿਹੇ ਇਨਸਾਨ ਦਾ ਜੀਵਨ ਸਾਦਗੀ ਤੋਂ ਬਹੁਤ ਦੂਰ ਹੋ ਚੁੱਕਿਆ ਹੈ। ਇੰਨੇ ਬੇਲੋੜੇ ਖਰਚੇ ਵਧਾ ਲਏ ਹਨ ਕਿ ਸਮੇਂ ਸਿਰ ਕਿਸ਼ਤਾਂ ਨਾ ਉਤਰਨ ਕਾਰਨ ਫਿਰ ਗਲਤ ਕਦਮ ਵੀ ਚੁੱਕਣਾ ਪੈ ਰਿਹਾ ਹੈ। ਇਕੱਠਾ ਕਰਨ ਦੀ ਹੋੜ ਲੱਗੀ ਹੋਈ ਹੈ। ਅੱਜ ਤਾਂ ਮਿੰਟ ਦਾ ਵਸਾਅ ਤੱਕ ਨਹੀਂ ਹੈ ।ਛੋਟੀ ਉਮਰ ਦੇ ਹੀ ਲੋਕ ਦੁਨੀਆਂ ਤੋਂ ਰੁਖ਼ਸਤ ਕਰ ਰਹੇ ਹਨ। ਵਰਤਮਾਨ ਨੂੰ ਵਿਸਾਰ ਕੇ ਭਵਿੱਖ ਦੀ ਜ਼ਿਆਦਾ ਚਿੰਤਾ ਕਰ ਰਹੇ ਹਨ। ਵਰਤਮਾਨ ਵਿੱਚ ਜ਼ਿੰਦਗੀ ਜਿਊਣਾ ਹੀ ਭੁੱਲ ਚੁੱਕੇ ਹਨ। ਛੋਟੀ ਛੋਟੀ ਖੁਸ਼ੀਆਂ ਦਾ ਆਨੰਦ ਮਾਣਨਾ ਹੀ ਅਸਲੀ ਦੌਲਤ ਹੈ। ਸਾਦਗੀ ਦਾ ਗੁੱਣ ਹੀ ਮਨੁੱਖ ਨੂੰ ਘੁਮੰਡ ਤੋਂ ਬਚਾਉਂਦਾ ਹੈ। ਜੋ ਇਨਸਾਨ ਸਾਦਗੀ ਵਿੱਚ ਰਹਿੰਦਾ ਹੈ ਉਸ ਦੇ ਸਾਰਿਆਂ ਨਾਲ ਰਿਸ਼ਤੇ ਬਹੁਤ ਹੀ ਵਧੀਆ ਰਹਿੰਦੇ ਹਨ। ਮਿਲਵਰਤਨ ਦੀ ਭਾਵਨਾ ਉਸ ਦੇ ਅੰਦਰ ਹੁੰਦੀ ਹੈ। ਹਰ ਥਾਂ ਤੇ ਅਜਿਹੇ ਇਨਸਾਨ ਦਾ ਸਤਿਕ-ਾਰ ਹੁੰਦਾ ਹੈ। ਸਾਦਗੀ ਨਾਲ ਇਨਸਾਨ ਦੇ ਅੰਦਰ ਆਤਮ ਵਿਸ਼ਵਾਸ ਪੈਦਾ ਹੁੰਦਾ ਹੈ। ਮਾਂ ਬਾਪ ਨੂੰ ਆਪ ਸਾਦਗੀ ਭਰਿਆ ਜੀਵਨ ਬਸਰ ਕਰਕੇ ਬੱਚਿਆਂ ਨੂੰ ਸੇਧ ਦੇਣੀ ਚਾਹੀਦੀ ਹੈ। ਜੋ ਅੱਜ ਦੀ ਨੌਜਵਾਨੀ ਹੈ ਉਹ ਦਿਖਾਵੇ ਫੈਸ਼ਨ ਵੱਲ ਜਿਆਦਾ ਹੈ। ਸਾਦਾ ਜੀਵਨ ਹਮੇਸ਼ਾ ਹੀ ਚਮਕ ਭਰਿਆ ਹੁੰਦਾ ਹੈ। ਜੇਕਰ ਅਸੀਂ ਆਪਣੀ ਜ਼ਿੰਦਗੀ ਨੂੰ ਖ਼ੂਬਸੂਰਤ ਤਰੀਕੇ ਨਾਲ ਵਧੀਆ ਬਸਰ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਇਹਨਾਂ ਮਹਿਲ ਮਾੜੀਆਂ, ਫੋਕੀ ਦਿਖਾਵੇਬਾਜ਼ੀ ਤੋਂ ਦੂਰ ਹੋ ਕੇ ਜ਼ਦਗੀ ਬਸਰ ਕਰਨੀ ਪਵੇਗੀ। ਇਸ ਤਰ੍ਹਾਂ ਅਸੀਂ ਹੋਰਾਂ ਲਈ ਵੀ ਪ੍ਰੇਰਨਾ ਸਰੋਤ ਬਣ ਸਕਦੇ ਹਾਂ। ਇੱਕ ਵਧੀਆ ਸਮਾਜ ਦੀ ਸਿਰ-ਜਣਾ ਹੋ ਸਕਦੀ ਹੈ।



**ਸੰਜੀਵ ਸਿੰਘ ਸੈਣੀ,**
**ਮੋਹਾਲੀ,7888966168**

# ਬੱਚਿਆਂ ਵਿੱਚ ਮੋਬਾਈਲ ਦਾ ਰੁਝਾਨ ਕਿਵੇਂ ਘਟਾਈਏ?

ਅੱਜ ਦੇ ਟੈਕਨੋਲੋਜੀ ਦਾ ਯੁੱਗ ਵਿੱਚ ਸਮਾਰਟਫ਼ੋਨ ਮਨੁੱਖੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਚੁੱਕਿਆ ਹੈ। ਪੜ੍ਹਾਈ ਲਈ, ਕਿਸੇ ਵੀ ਜਾਣਕਾਰੀ ਲਈ, ਬੈਂਕਿੰਗ ਲਈ, ਖ਼ਰੀਦਦਾਰੀ ਲਈ ਅਤੇ ਸੰਚਾਰ ਦੇ ਸਾਧਨ ਵਜੋਂ ਮਤਲਬ ਕਿ ਹਰ ਕੰਮ ਮੋਬਾਈਲ ਰਾਹੀਂ ਹੋਣ ਲੱਗਿਆ ਹੈ। ਪਰ ਜਿੱਥੇ ਇਸ ਦੇ ਅਨੇਕਾਂ ਫ਼ਾਇਦੇ ਹਨ, ਉੱਥੇ ਇਸ ਦੀ ਬੇਲੋੜੀ ਅਤੇ ਬੇਹੱਦ ਵਰਤੋਂ ਬਹੁਤ ਖਤਰਨਾਕ ਸਿੱਧ ਹੋ ਰਹੀ ਹੈ। ਖ਼ਾਸ ਕਰਕੇ ਬੱਚਿਆਂ ਵਿੱਚ ਮੋਬਾਈਲ ਦੀ ਵਰਤੋਂ ਇੱਕ ਗੰਭੀਰ ਸਮਾਜਿਕ ਚਿੰਤਾ ਦਾ ਵਿਸ਼ਾ ਬਣਦੀ ਜਾ ਰਹੀ ਹੈ। ਅੱਜ ਬਹੁਤ ਸਾਰੇ ਬੱਚੇ ਖੇਡ ਦੇ ਮੈਦਾਨਾਂ ਵਿੱਚ ਖੇਡਣ ਨਾਲੋਂ ਮੋਬਾਈਲ ਦੀ ਸਕ੍ਰੀਨ 'ਤੇ ਜ਼ਿਆਦਾ ਸਮਾਂ ਬਿਤਾਉਣਾ ਪਸੰਦ ਕਰਦੇ ਹਨ। ਜਿਸ ਕਰਕੇ ਉਨ੍ਹਾਂ ਦੀ ਸਿਹਤ, ਪੜ੍ਹਾਈ, ਸਮਾਜਿਕ ਵਿਵਹਾਰ ਅਤੇ ਮਾਨਸਿਕ ਵਿਕਾਸ ਵੀ ਪ੍ਰਭਾਵਿਤ ਹੋ ਰਿਹਾ ਹੈ।

ਇਹ ਸੋਚਣ ਵਾਲੀ ਗੱਲ ਹੈ ਕਿ ਕੀ ਸੱਚਮੁੱਚ ਬੱਚੇ ਆਪ ਮੋਬਾਈਲ ਦੇ ਆਦੀ ਬਣੇ ਹਨ ਜਾਂ ਅਸੀਂ ਵੱਡੇ ਉਨ੍ਹਾਂ ਨੂੰ ਇਸ ਪਾਸੇ ਲੈ ਕੇ ਆਏ ਹਾਂ? ਮਾਂਵਾਂ ਵੱਲੋਂ ਜਦੋਂ ਛੋਟੇ ਬੱਚੇ ਨੂੰ ਖਾਣਾ ਖੁਆਉਣ ਲਈ ਮੋਬਾਈਲ ਫੜਾ ਦਿੱਤਾ ਜਾਂਦਾ ਹੈ, ਬੱਚੇ ਨੂੰ ਰੋਣ ਤੋਂ ਚੁੱਪ ਕਰਵਾਉਣ ਦਾ ਸਭ ਤੋਂ ਆਸਾਨ ਤਰੀਕਾ ਮੋਬਾਈਲ ਬਣ ਜਾਂਦਾ ਹੈ, ਤਾਂ ਹੌਲੀ-ਹੌਲੀ ਉਹ ਇਸ ਦੇ ਆਦੀ ਹੋ ਜਾਂਦੇ ਹਨ ਤੇ ਇਸ ਤੋਂ ਬਿਨਾਂ ਰਹਿਣਾ ਹੀ ਭੁੱਲ ਜਾਂਦਾ ਹੈ। ਜੇ ਇਸ ਦੀ ਲਤ ਵੱਡਿਆਂ ਨੇ ਲਾਈ ਹੈ ਤਾਂ ਇਸ ਲਈ ਹੱਲ ਵੀ ਪਰਿਵਾਰ ਤੋਂ ਹੀ ਸ਼ੁਰੂ ਹੁੰਦਾ ਹੈ। ਬੱਚਿਆਂ ਨੂੰ ਰੋਕਣ ਟੋਕਣ ਦੀ ਬਜਾਏ ਸਭ ਤੋਂ ਪਹਿਲਾਂ ਮਾਪਿਆਂ ਨੂੰ ਆਪਣੇ ਵਿਹਾਰ ਵਿੱਚ ਤਬਦੀਲੀ ਲਿਆਉਣੀ ਪਵੇਗੀ। ਬੱਚੇ ਵੱਡਿਆਂ ਵੱਲੋਂ ਦਿੱਤੇ ਗਏ ਉਪਦੇਸ਼ਾਂ ਤੇ ਘੱਟ ਅਮਲ ਕਰਦੇ ਹਨ ਬਲਕਿ ਉਸ ਨਾਲੋਂ ਵੱਧ ਉਹ ਆਪਣੇ ਘਰ ਦਾ ਮਾਹੌਲ ਦੇਖ ਕੇ ਸਿੱਖਦੇ ਹਨ। ਜੇ ਮਾਪੇ ਆਪ ਹੀ ਹਰ ਵੇਲੇ ਮੋਬਾਈਲ ਵਿੱਚ ਰੁੱਝੇ ਰਹਿਣਗੇ ਤਾਂ ਬੱਚਿਆਂ ਤੋਂ ਇਸ ਦੀ ਘੱਟ ਵਰਤੋਂ ਦੀ ਉਮੀਦ ਕਰਨੀ ਔਖੀ ਹੈ। ਜਦੋਂ ਸਾਰਾ ਪਰਿਵਾਰ ਇਕੱਠੇ ਬੈਠੇ ਤਾਂ ਕੁਝ ਸਮਾਂ ਆਪਣੇ ਆਪਣੇ ਮੋਬਾਈਲ ਪਾਸੇ ਰੱਖ ਕੇ ਆਪਸ ਵਿੱਚ ਗੱਲਬਾਤ ਕਰਨੀ ਚਾਹੀਦੀ ਹੈ। ਪਰਿਵਾਰ ਦੀਆਂ ਛੋਟੀਆਂ-ਛੋਟੀਆਂ ਗੱਲਾਂ, ਵੱਡਿਆਂ ਦੇ ਬੀਤੇ ਸਮੇਂ ਦੀਆਂ ਹੱਡ ਬੀਤੀਆਂ ਦੇ ਕਿੱਸੇ, ਮਾਪਿਆਂ ਦੇ ਬਚਪਨ ਦੀਆਂ ਕਹਾਣੀਆਂ, ਓਹਨਾਂ ਦੇ ਸਕੂਲ ਸਮੇਂ ਦੇ ਦੋਸਤਾਂ ਮਿੱਤਰਾਂ ਜਾਂ ਅਧਿਆਪਕਾਂ ਬਿਤਾਏ ਪਲ,ਹਾਸੇ-ਮਜ਼ਾਕ ਅਤੇ ਸਾਂਝੇ ਪਲ ਬੱਚਿਆਂ ਨੂੰ ਸਕ੍ਰੀਨ ਨਾਲੋਂ ਕਿਤੇ ਵੱਧ ਦਿਲਚਸਪ ਲੱਗਦੇ ਹਨ।

ਇਸ ਤੋਂ ਇਲਾਵਾ ਬੱਚਿਆਂ ਨੂੰ ਖੁੱਲ੍ਹੇ ਮੈਦਾਨਾਂ ਨਾਲ ਜੋੜਨਾ ਵੀ ਬਹੁਤ ਜ਼ਰੂਰੀ ਹੈ। ਬੱਚਿਆਂ ਨੂੰ ਰਵਾਇਤੀ ਖੇਡਾਂ ਬਾਰੇ ਦੱਸਣਾ ਤੇ ਓਹਨਾਂ ਨਾਲ਼ ਜੋੜਨਾ ਵੀ ਬਹੁਤ ਜ਼ਰੂਰੀ ਹੈ। ਕਬੱਡੀ, ਫੁੱਟਬਾਲ, ਕ੍ਰਿਕਟ, ਬੈਡਮਿੰਟਨ, ਸਾਈਕਲ ਚਲਾਉਣਾ, ਰੱਸਾ ਟੱਪਣਾ ਜਾਂ ਸਧਾਰਨ ਦੌੜ-ਭੱਜ ਆਦਿ ਸਿਰਫ਼ ਖੇਡਾਂ ਹੀ ਨਹੀਂ, ਸਗੋਂ ਸਰੀਰਕ ਅਤੇ ਮਾਨਸਿਕ ਵਿਕਾਸ ਦੇ ਸਾਧਨ ਹਨ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਜਿਹੜਾ ਬੱਚਾ ਸ਼ਾਮ ਨੂੰ ਦੋ ਘੰਟੇ ਮੈਦਾਨ ਵਿੱਚ ਖੇਡ ਕੇ ਆਉਂਦਾ ਹੈ, ਉਹ ਮੋਬਾਈਲ ਲਈ ਘੱਟ ਜ਼ਿੱਦ ਕਰਦਾ ਹੈ। ਬੱਚਿਆਂ ਵਿੱਚ ਪੜ੍ਹਨ ਦੀ ਆਦਤ ਵੀ ਮੋਬਾਈਲ ਦੀ ਖਿੱਚ ਘਟਾਉਣ ਦਾ ਸਭ ਵਧੀਆ ਤਰੀਕਾ ਹੈ। ਉਮਰ ਅਨੁਸਾਰ ਕਹਾਣੀਆਂ, ਜੀਵਨੀਆਂ, ਵਿਗਿਆਨ, ਕੁਦਰਤ ਅਤੇ ਬਾਲ ਸਾਹਿਤ ਦੀਆਂ ਕਿਤਾਬਾਂ ਬੱਚਿਆਂ ਦੀ ਕਲਪਨਾ ਨੂੰ ਨਵੀਂ ਉਡਾਣ ਦਿੰਦੀਆਂ ਹਨ। ਜੇ ਘਰ ਵਿੱਚ ਇੱਕ ਛੋਟਾ ਜਿਹਾ ਪੁਸਤਕ-ਕੋਨਾ ਜਾਂ ਲਾਇਬ੍ਰੇਰੀ ਬਣਾ ਲਈ ਜਾਵੇ ਤੇ ਮਾਪੇ ਆਪ ਵੀ ਰੋਜ਼ਾਨਾ ਉੱਥੇ ਬੈਠ ਕੇ ਕਿਤਾਬਾਂ ਪੜ੍ਹਨ ਤਾਂ ਬੱਚੇ ਆਪਣੇ ਆਪ ਉਸ ਪਾਸੇ ਰੁਚੀ ਲੈਣ ਲੱਗਦੇ ਹਨ।ਉਹ ਵੀ ਮਾਪਿਆਂ ਵਾਂਗ ਜ਼ਰੂਰ ਕੁਛ ਸਮਾਂ ਬੈਠ ਕੇ ਆਪਣੀ ਪਸੰਦ ਦਾ ਪੜ੍ਹਦੇ ਨਜ਼ਰ ਆਉਣਗੇ।

ਰਚਨਾਤਮਕ ਅਤੇ ਕਲਾਤਮਕ ਗਤੀਵਿਧੀਆਂ ਬੱਚਿਆਂ ਦੀ ਊਰਜਾ ਨੂੰ ਸਹੀ ਦਿਸ਼ਾ ਦਿੰਦੀਆਂ ਹਨ। ਚਿੱਤਰਕਾਰੀ, ਸੰਗੀਤ, ਨਾਚ, ਕਵਿਤਾ, ਨਾਟਕ, ਬਾਗਬਾਨੀ, ਹੱਥਾਂ ਨਾਲ ਛੋਟੀਆਂ-ਛੋਟੀਆਂ ਚੀਜ਼ਾਂ ਬਣਾਉਣਾ ਜਾਂ ਘਰ ਦੇ ਕੰਮਾਂ ਵਿੱਚ ਸਹਿਯੋਗ ਦੇਣਾ, ਰਸੋਈ ਵਿੱਚ ਬੱਚਿਆਂ ਦੇ ਸਵਾਦ ਦੀਆਂ ਚੀਜ਼ਾਂ ਉਹਨਾਂ ਦੇ ਸਹਿਯੋਗ ਨਾਲ ਤਿਆਰ ਕਰਨਾ ਆਦਿ ਗੱਲਾਂ ਵੀ ਬੱਚਿਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀਆਂ ਹਨ ਤੇ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧਾਉਂਦੀਆਂ ਹਨ ਅਤੇ ਸਕ੍ਰੀਨ 'ਤੇ ਨਿਰਭਰਤਾ ਘਟਾਉਂਦੀਆਂ ਹਨ।


ਮੋਬਾਈਲ ਦੀ ਵਰਤੋਂ ਲਈ ਘਰ ਵਿੱਚ ਬਿਲਕੁਲ ਸਪੱਸ਼ਟ ਨਿਯਮ ਬਣਾਉਣੇ ਚਾਹੀਦੇ ਹਨ ਜਿਸ ਦਾ ਪਾਲਣ ਕਰਨ ਲਈ ਸਭ ਨੂੰ ਜ਼ਰੂਰੀ ਹੋਣਾ ਚਾਹੀਦਾ ਹੈ। ਖਾਣਾ ਖਾਂਦੇ ਸਮੇਂ, ਪੜ੍ਹਾਈ ਵੇਲੇ ਅਤੇ ਸੌਣ ਤੋਂ ਪਹਿਲਾਂ ਮੋਬਾਈਲ ਦੀ ਵਰਤੋਂ ਨਾ ਹੋਵੇ। ਬੱਚਿਆਂ ਨੂੰ ਇਹ ਨਿਯਮ ਸਜ਼ਾ ਵਜੋਂ ਨਹੀਂ, ਸਗੋਂ ਉਨ੍ਹਾਂ ਦੀ ਭਲਾਈ ਲਈ ਸਮਝਾਏ ਜਾਣ ਤੇ ਕੋਸ਼ਿਸ਼ ਕੀਤੀ ਜਾਵੇ ਕਿ ਵੱਡੇ ਵੀ ਉਸ ਸਮੇਂ ਆਪ ਵਰਤੋਂ ਨਾ ਕਰਨ। ਜਦੋਂ ਨਿਯਮ ਸਾਰੇ ਪਰਿਵਾਰ 'ਤੇ ਇਕਸਾਰ ਲਾਗੂ ਹੁੰਦੇ ਹਨ ਤਾਂ ਬੱਚੇ ਵੀ ਉਨ੍ਹਾਂ ਨੂੰ ਆਸਾਨੀ ਨਾਲ ਸਵੀਕਾਰ ਕਰ ਲੈਂਦੇ ਹਨ।

ਮੋਬਾਈਲ ਫ਼ੋਨ ਦੀ ਅਧਿਕ ਵਰਤੋਂ ਨੂੰ ਰੋਕਣ ਲਈ ਸਕੂਲਾਂ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੈ। ਅਧਿਆਪਕ ਬੱਚਿਆਂ ਨੂੰ ਡਿਜ਼ਿਟਲ ਸੰਤੁਲਨ ਬਾਰੇ ਜਾਗਰੂਕ ਕਰਨ, ਖੇਡਾਂ, ਭਾਸ਼ਣ, ਸੱਭਿਆਚਾਰਕ ਗਤੀਵਿਧੀਆਂ ਅਤੇ ਪੁਸਤਕ ਮੇਲਿਆਂ ਰਾਹੀਂ ਉਨ੍ਹਾਂ ਦੀਆਂ ਦਿਲਚਸਪੀਆਂ ਨੂੰ ਵਧਾਉਣ ਤਾਂ ਇਸ ਦਾ ਨਤੀਜਾ ਸਾਰਥਕ ਹੋਵੇਗਾ। ਬੱਚਿਆਂ ਉੱਪਰ ਮਾਪਿਆਂ ਨਾਲੋਂ ਜ਼ਿਆਦਾ ਅਧਿਆਪਕਾਂ ਦੀਆਂ ਗੱਲਾਂ ਦਾ ਅਸਰ ਜ਼ਿਆਦਾ ਅਤੇ ਛੇਤੀ ਹੁੰਦਾ ਹੈ। ਜਦੋਂ ਸਕੂਲ ਅਤੇ ਪਰਿਵਾਰ ਇੱਕੋ ਦਿਸ਼ਾ ਵਿੱਚ ਕੰਮ ਕਰਦੇ ਹਨ ਤਾਂ ਨਤੀਜੇ ਵਧੀਆ ਨਿਕਲ਼ਦੇ ਹਨ। ਬੱਚਿਆਂ ਨੂੰ ਇਹ ਵੀ ਅਹਿਸਾਸ ਕਰਵਾਉਂਦੇ ਰਹਿਣਾ ਚਾਹੀਦਾ ਹੈ ਕਿ ਮੋਬਾਈਲ ਪੂਰੀ ਤਰ੍ਹਾਂ ਬੁਰਾ ਨਹੀਂ ਹੈ। ਕਿਉਂ ਕਿ ਜੇ ਅਸੀਂ ਕਿਸੇ ਚੀਜ਼ ਨੂੰ ਇੱਕ ਬੁਰਾਈ ਸਮਝ ਕੇ ਰੋਕਣਾ ਚਾਹੁੰਦੇ ਹਾਂ ਤਾਂ ਉਸ ਦਾ ਪ੍ਰਭਾਵ ਨਾਕਾਰ-ਾਤਮਕ ਤਰੀਕੇ ਨਾਲ ਪੈਂਦਾ ਹੈ। ਉਹਨਾਂ ਨੂੰ ਉਸ ਦੇ ਗੁਣ ਦੱਸ ਕੇ ਉਸ ਦੀ ਸਹੀ ਸਮੇਂ ਅਤੇ ਸਹੀ ਉਦੇਸ਼ ਲਈ ਇਸ ਦੀ ਵਰਤੋਂ ਦੇ ਲਾਭ ਦੱਸਣੇ ਚਾਹੀਦੇ ਹਨ ।

ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਮਨੋਰੰਜਨ, ਖੇਡ, ਦੋਸਤੀ ਅਤੇ ਸਿੱਖਣ ਦਾ ਇੱਕੋ-ਇੱਕ ਸਾਧਨ ਮੋਬਾਈਲ ਬਣ ਜਾਂਦਾ ਹੈ। ਇਸ ਲਈ ਬੱਚਿਆਂ ਨੂੰ ਮੋਬਾਈਲ ਤੋਂ ਦੂਰ ਕਰਨ ਦੀ ਥਾਂ ਉਨ੍ਹਾਂ ਨੂੰ ਇਸ ਦੀ ਸੰਤੁਲਿਤ ਅਤੇ ਜ਼ਿੰਮੇਵਾਰ ਵਰਤੋਂ ਸਿਖਾਉਣੀ ਚਾਹੀਦੀ ਹੈ।

ਅਖੀਰ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਬੱਚਿਆਂ ਵਿੱਚ ਮੋਬਾਈਲ ਦਾ ਰੁਝਾਨ ਡਾਂਟ ਕੇ ਜਾਂ ਜ਼ਬਰਦਸਤੀ ਨਾਲ ਨਹੀਂ ਸਗੋਂ ਪਿਆਰ, ਸਮਝਦਾਰੀ ਅਤੇ ਚੰਗੇ ਵਿਕਲਪ ਦੇ ਕੇ ਘਟਾਇਆ ਜਾ ਸਕਦਾ ਹੈ। ਜੇ ਅਸੀਂ ਉਨ੍ਹਾਂ ਨੂੰ ਪਰਿਵਾਰ ਦਾ ਸਾਥ, ਖੇਡਾਂ ਦੀ ਖੁਸ਼ੀ, ਕਿਤਾਬਾਂ ਦਾ ਗਿਆਨ, ਕੁਦਰਤ ਦੀ ਨੇੜਤਾ ਅਤੇ ਆਪਣਾ ਸਮਾਂ ਦੇਵਾਂਗੇ ਤਾਂ ਮੋਬਾਈਲ ਦੀ ਚਮਕ ਆਪਣੇ ਆਪ ਫਿੱਕੀ ਪੈ ਜਾਵੇਗੀ।

ਅਸਲ ਵਿੱਚ ਬੱਚਿਆਂ ਨੂੰ ਮੋਬਾਈਲ ਤੋਂ ਨਹੀਂ, ਇਕੱਲੇਪਣ ਤੋਂ ਬਚਾਉਣ ਦੀ ਲੋੜ ਹੈ। ਜਿੱਥੇ ਪਰਿਵਾਰ ਦਾ ਪਿਆਰ, ਆਪਸੀ ਸੰਵਾਦ ਅਤੇ ਸਾਂਝ ਹੋਵੇਗੀ, ਉੱਥੇ ਮੋਬਾਈਲ ਦੀ ਪਕੜ ਆਪਣੇ ਆਪ ਕਮਜ਼ੋਰ ਪੈ ਜਾਵੇਗੀ। ਬੱਚਿਆਂ ਨੂੰ ਮੋਬਾਈਲ ਨਹੀਂ, ਮੁੱਲਾਂ ਅਤੇ ਮੌਕਿਆਂ ਨਾਲ ਜੋੜਨ ਦੀ ਲੋੜ ਹੈ।



**ਬਰਜਿੰਦਰ ਕੌਰ ਬਿਸਰਾਓ...**
**9988901324**

# ਲਾਹੌਰੀ ਰਾਮ ਬਾਲੀ ਦਾ 96ਵਾਂ ਜਨਮ ਦਿਨ ਬੜੀ ਧੂਮ-ਧਾਮ ਨਾਲ ਮਨਾਇਆ ਗਿਆ


## ਬਾਲੀ ਸਾਹਿਬ ਦੀਆਂ ਲਿਖਤਾਂ ਜਨ-ਜਨ ਤੱਕ ਲਿਜਾਣੀਆਂ ਚਾਹੀਦੀਆਂ ਹਨ- ਪ੍ਰੋਫੈਸਰ ਬਲਬੀਰ
















**ਸਮਰਪਿਤ ਅੰਬੇਡਕਰੀ ਜੋਤੀ ਪ੍ਰਕਾਸ਼ ਮਹਿਮੀ ਨੂੰ 'ਲਾਹੌਰੀ ਰਾਮ ਬਾਲੀ ਯਾਦਗਾਰ ਅਵਾਰਡ' ਨਾਲ ਸਨਮਾਨਿਤ ਕਰਦਾ ਬਾਲੀ ਪਰਿਵਾਰ ਅਤੇ ਹੋਰ12. ਸਮਾਗਮ ਦੀਆਂ ਕੁਝ ਝਲਕੀਆਂ1**

**ਜਲੰਧਰ (ਸਮਾਜ ਵੀਕਲੀ):** ਲਾਹੌਰੀ ਰਾਮ ਬਾਲੀ ਯਾਦਗਾਰ ਕਮੇਟੀ ਵੱਲੋਂ ਮਹਾਨ ਚਿੰਤਕ, ਲੇਖਕ, ਨਿਡਰ ਬੁਲਾਰੇ, ਉਘੇ ਅੰਬੇਡਕਰਵਾਦੀ, ਅੰਬੇਡਕਰ ਭਵਨ ਜਲੰਧਰ ਦੇ ਫਾਊਂਡਰ ਟਰੱਸਟੀ, ਅੰਬੇਡਕਰ ਮਿਸ਼ਨ ਸੁਸਾਇਟੀ ਦੇ ਫਾਊਂਡਰ, ਆਲ ਇੰਡੀਆ ਸਮਤਾ ਸੈਨਿਕ ਦਲ ਦੇ ਪੁਨਰ ਸੁਰਜੀਤੀ ਅਤੇ ਭੀਮ ਪਤ੍ਰਿਕਾ ਦੇ ਮੁੱਖ ਸੰਪਾਦਕ ਮਰਹੂਮ ਲਾਹੌਰੀ ਰਾਮ ਬਾਲੀ ਦਾ 96 ਵਾਂ ਜਨਮ ਦਿਨ ਬੜੀ ਧੂਮ-ਧਾਮ ਨਾਲ ਉਨ੍ਹਾਂ ਦੇ ਗ੍ਰਹਿ ਵਿਖੇ ਮਨਾਇਆ ਗਿਆ। ਇਹ ਸਮਾਗਮ ਧੰਮਾਂਚਾਰੀ ਅਚਲ ਕੀਰਤੀ (ਬਲਦੇਵ ਰਾਜ ਜੱਸਲ) ਦੁਆਰਾ ਬੁੱਧ ਬੰਦਨਾ, ਤ੍ਰਿਸ਼ਰਣ ਅਤੇ ਪੰਚਸ਼ੀਲ ਦਾ ਪਾਠ ਉਚਾਰਨ ਕਰਨ ਉਪਰੰਤ ਸ਼ੁਰੂ ਹੋਇਆ। ਸੀਨੀਅਰ ਅੰਬੇਡਕਰਵਾਦੀ ਡਾ. ਜੀ. ਸੀ. ਕੌਲ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਜਦੋਂ ਅਸੀਂ ਛੋਟੇ ਹੁੰਦੇ ਸਕੂਲ ਵਿੱਚ ਪੜ੍ਹਦੇ ਸਾਂ ਤਾਂ ਸਾਡੇ ਲੋਕਾਂ ਨੂੰ ਬਾਬਾ ਸਾਹਿਬ ਦਾ ਨਾਮ ਵੀ ਲੈਣਾ ਨਹੀਂ ਸੀ ਆਉਂਦਾ। ਉਹ ਅੰਬੇਡਕਰ ਦੀ ਬਜਾਏ ਉਮੈਦਗਾਰ ਕਹਿੰਦੇ ਹੁੰਦੇ ਸਨ। ਜੇ ਕੋਈ ਬਾਬਾ ਸਾਹਿਬ ਅੰਬੇਡਕਰ ਦੀ ਗੱਲ ਕਰਦਾ ਸੀ ਜਾਂ ਉਨ੍ਹਾਂ ਦੇ ਸੰਘਰਸ਼ ਦੀ ਗੱਲ ਕਰਦਾ ਸੀ ਤਾਂ ਉਸ ਦਾ ਵਿਰੋਧ ਬਹੁਤ ਹੁੰਦਾ ਸੀ। ਪਿੰਡਾਂ ਵਿੱਚ ਆਰਪੀਆਈ ਦੀਆਂ ਕਾਨਫਰੰਸਾਂ ਤਾਂ ਨਹੀਂ ਕਹਿ ਸਕਦੇ, 20-20, 25-25 ਬੰਦੇ ਇਕੱਠੇ ਕਰਕੇ ਉਨ੍ਹਾਂ ਦੀਆਂ ਮੀਟਿੰਗਾਂ ਹੁੰਦੀਆਂ ਸਨ। ਉਨ੍ਹਾਂ ਦਾ ਵੀ ਬਹੁਤ ਵਿਰੋਧ ਹੁੰਦਾ ਸੀ। ਉਂਗਲੀਆਂ ਤੇ ਗਿਣੇ ਜਾਣ ਵਾਲੇ ਬਾਲੀ ਸਾਹਿਬ ਦੇ ਸਾਥੀ, ਹਜਾਰਾ ਰਾਮ ਬੋਧੀ ਅਤੇ ਬਿਹਾਰੀ ਲਾਲ ਖਾਰ ਸਾਈਕਲਾਂ ਤੇ ਪਿੰਡਾਂ ਵਿੱਚ ਆਉਂਦੇ ਸਨ। ਉਨ੍ਹਾਂ ਦੇ ਸਾਈਕਲਾਂ ਤੇ ਸਟੂਲ ਅਤੇ ਦਰੀ ਰੱਖੀ ਹੁੰਦੀ ਸੀ। ਜਿੱਥੇ ਕਿਤੇ ਪਿੰਡ ਵਿੱਚ ਪਿੱਪਲ ਥੱਲੇ ਕੋਈ ਬੈਠੇ ਹੋਏ ਜਾਂ ਤਾਸ਼ ਖੇਲਦੇ ਹੋਏ ਕੁਝ ਬੰਦੇ ਮਿਲ ਜਾਂਦੇ ਤਾਂ ਉਹ ਉਨ੍ਹਾਂ ਨੂੰ ਕਹਿੰਦੇ ਕਿ ਆਓ ਬਾਬਾ ਸਾਹਿਬ ਦੀ ਗੱਲ ਕਰੀਏ। ਜਦੋਂ ਕਿਤੇ ਬੰਦੇ ੭੦- 80 ਹੋ ਜਾਂਦੇ ਤਾਂ ਉਹ ਸਟੂਲ ਤੇ ਖੜੇ ਹੋ ਕੇ ਭਾਸ਼ਣ ਕਰਦੇ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਬਾਲੀ ਸਾਹਿਬ ਨੂੰ ਕਿੰਨਾ ਸੰਘਰਸ਼ ਕਰਨਾ ਪਿਆ ਹੋਵੇਗਾ। ਉਨ੍ਹਾਂ ਦੀ ਲਿਖੀ ਹੋਈ ਕਿਤਾਬ 'ਡਾ. ਅੰਬੇਡਕਰ ਜੀਵਨ ਅਤੇ ਮਿਸ਼ਨ' ਨੇ ਬੜੀ ਚੇਤਨਾ ਲਿਆਂਦੀ ਸੀ। ਬਾਲੀ ਸਾਹਿਬ ਦੀ ਜ਼ਿੰਦਗੀ ਇੱਕ ਬਹੁਤ ਵੱਡਾ ਤਿਆਗ ਸੀ।



ਅੰਬੇਡਕਰ ਮਿਸ਼ਨ ਸੋਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਪ੍ਰੋਫੈਸਰ ਬਲਬੀਰ ਜੀ ਨੇ ਸ੍ਰੀ ਬਾਲੀ ਜੀ ਦੇ ਜਨਮਦਿਨ ਦੀਆਂ ਮੁਬਾਰਕਾਂ ਦਿੰਦੇ ਹੋਏ ਕਿਹਾ ਕਿ ਜਿਸ ਵਿਅਕਤੀ ਦਾ ਜਨਮਦਿਨ ਅਸੀਂ ਮਨਾ ਰਹੇ ਹਾਂ, ਉਹ ਨਾ ਰੁਕੇ, ਨਾ ਡਰੇ, ਨਾ ਝੁਕੇ ਅਤੇ ਨਾ ਵਿਕੇ। ਜਦੋਂ ਕੋਈ ਬੋਲ ਨਹੀਂ ਸਕਦਾ ਸੀ, ਬਾਲੀ ਸਾਹਿਬ ਉਦੋਂ ਤੋਂ ਹੀ ਭੀਮ ਪਤ੍ਰਿਕਾ ਵਿਚ 1958 ਤੋਂ ਲਿਖ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਮਹਾਂਪੁਰਸ਼ਾਂ ਦੇ ਜਨਮ ਦਿਨ ਅਦਰਾਂ 'ਚ ਨਹੀਂ, ਖੁੱਲੀ ਗਰਾਉਂਡ ਵਿੱਚ ਮਨਾਉਣੇ ਚਾਹੀਦੇ ਹਨ। ਉਨ੍ਹਾਂ ਨੇ ਸਿਧਾਂਤ ਨਹੀਂ ਬਦਲਿਆ ਅਤੇ ਆਪਣੇ ਸਿਧਾਂਤ ਤੇ ਟਿਕੇ ਰਹੇ। ਜੋ ਅੱਜ ਮੰਤਰੀ ਬਣੇ, ਉਹ ਵੀ ਉਨ੍ਹਾਂ ਨੂੰ ਸਲੂਟ ਕਰਦੇ ਹਨ। ਪ੍ਰੋਫੈਸਰ ਬਲਬੀਰ ਨੇ ਕਿਹਾ ਕਿ ਬਾਲੀ ਸਾਹਿਬ ਦੀਆਂ ਲਿਖਤਾਂ ਜਨ-ਜਨ ਤੱਕ ਲਿਜਾਣੀਆਂ ਚਾਹੀਦੀਆਂ ਹਨ। ਮਿਸ਼ਨਰੀ ਸਾਥੀ ਜਗਦੀਸ਼ ਕੁਮਾਰ ਡਾਲੀਆ, ਕਮਲ ਕੁਮਾਰ, ਸੂਰਜ ਵਿਰਦੀ, ਡਾ. ਮਹਿੰਦਰ ਸੰਧੂ ਅਤੇ ਵਿਸ਼ਾਲ ਗੋਰਕਾ ਨੇ ਸ੍ਰੀ ਲਾਹੌਰੀ ਰਾਮ ਬਾਲੀ ਦੇ ਅਣਛੂਹੇ ਬਿੰਦੂਆਂ ਉੱਤੇ ਚਰਚਾ ਕੀਤੀ ਅਤੇ ਅਜੋਕੇ ਭਾਰਤ ਵਿੱਚ ਦਲਿਤ ਸਮਾਜ ਤੇ ਹੋਣ ਵਾਲੇ ਖਤਰਿਆਂ ਤੋਂ ਸੁਚੇਤ ਕੀਤਾ। ਸਮਾਗਮ ਵਿੱਚ ਜੋਤੀ ਪ੍ਰਕਾਸ਼ ਮਹਿਮੀ (ਜੈਤੇਵਾਲੀ) ਨੂੰ ਅੰਬੇਡਕਰੀ ਸੇਵਾਵਾਂ ਕਰਕੇ ਲਾਹੌਰੀ ਰਾਮ ਬਾਲੀ ਯਾਦਗਾਰ ਕਮੇਟੀ ਵੱਲੋਂ 'ਲਾਹੌਰੀ ਰਾਮ ਬਾਲੀ ਯਾਦਗਾਰ ਅਵਾਰਡ' ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਬਾਲੀ ਸਾਹਿਬ ਦੀ ਹਾਜ਼ਰੀ ਵਿੱਚ ਮਿਸ਼ਨਰੀ ਗਾਇਕ ਜੀਵਨ ਮਹਿਮੀ, ਮਿਸ਼ਨਰੀ ਗੀਤਕਾਰ ਰਤੂ ਰੰਧਾਵਾ ਅਤੇ ਗਾਇਕ ਪ੍ਰੇਮ ਲਤਾ ਨੂੰ ਵੀ ਸਨਮਾਨਿਤ ਕੀਤਾ ਗਿਆ ਸੀ। ਬਾਲੀ ਸਾਹਿਬ ਦੇ ਪ੍ਰੀਨਿਰਵਾਣ ਤੋਂ ਬਾਅਦ 2024 ਵਿੱਚ ਸਮਰਪਿਤ ਅੰਬੇਡਕਰਵਾਦੀ ਅਤੇ ਬੁੱਧਿਸਟ ਸ਼੍ਰੀ ਭੀਸ਼ਮ ਪਾਲ ਸਿੰਘ ਨੂੰ ਅਤੇ 2025 ਵਿੱਚ ਮਿਸ਼ਨਰੀ ਸਿੰਗਰ ਸਨੀ ਸਲੀਮ ਨੂੰ ਸਨਮਾਨਿਤ ਕੀਤਾ ਗਿਆ ਸੀ। ਇਸ ਮੌਕੇ ਡਾ. ਚਰਨਜੀਤ ਸਿੰਘ, ਮਲਕੀਤ ਸਿੰਘ, ਪਿਸ਼ੌਰੀ ਲਾਲ ਸੰਧੂ, ਨਿਰਮਲ ਬਿੰਜੀ, ਹਿਤੇਸ਼ ਕੁਮਾਰ, ਰਾਮ ਸਰੂਪ ਬਾਲੀ, ਧਿਆਤਮ ਸੱਲਣ, ਅਮਜਦ ਬੇਗ, ਹਰਭਜਨ ਨਿਮਤਾ, ਵਿਸ਼ਾਲ ਬਾਲੀ, ਡੀਪੀ ਭਗਤ, ਓਮ ਪ੍ਰਕਾਸ਼, ਕਰਮ ਚੰਦ, ਰਾਮ ਪ੍ਰਕਾਸ਼, ਸੁਨੀਤਾ ਭਾਰਦਵਾਜ, ਮਨਜੀਤ ਕੌਰ, ਪਰਮਜੀਤ ਕੌਰ ਅਤੇ ਸੁਰਿੰਦਰ ਕੌਰ ਆਦਿ ਸ਼ਾਮਿਲ ਸਨ। ਸਟੇਜ ਸੰਚਾਲਨ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਮੁੱਖ ਸਲਾਹਕਾਰ ਸ੍ਰੀ ਚਰਨ ਦਾਸ ਸੰਧੂ ਨੇ ਬਖੂਬੀ ਕੀਤਾ ਅਤੇ ਬਲਦੇਵ ਰਾਜ ਭਾਰਦਵਾਜ ਨੇ ਸਭ ਦਾ ਧੰਨਵਾਦ ਕੀਤਾ। ਇਹ ਜਾਣਕਾਰੀ ਲਾਹੌਰੀ ਰਾਮ ਬਾਲੀ ਯਾਦਗਾਰ ਕਮੇਟੀ ਦੇ ਕਨਵੀਨਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿਚ ਦਿੱਤੀ।

**ਬਲਦੇਵ ਰਾਜ ਭਾਰਦਵਾਜ**
**ਕਨਵੀਨਰ**
**ਲਾਹੌਰੀ ਰਾਮ ਬਾਲੀ ਯਾਦਗਾਰ ਕਮੇਟੀ**

Samaj Weekly

ਸਮਾਜ ਵੀਕਲੀ

Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook

samajweekly

ਸਾਨੂੰ ਐਕਸ ਤੇ ਫੌਲੋ ਕਰੋ

X

@samajweekly

## ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# +44 7878 456484

email:-Samajweekly@gmail.com